# ਸੁਖਜੀਤ ਰਚਿਤ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਕਹਾਣੀ ਦਾ ਥੀਮ-ਵਿਗਿਆਨਕ ਅਧਿਐਨ

ਪਰਮਪਾਲ ਬਾਦਲ

ਔਰਤ ਦੀ ਦੇਹ ਅਤੇ ਕਾਮੁਕਤਾ ਦਾ ਸ਼ੋਸ਼ਣ ਲੰਬੇ ਸਮੇਂ ਤੋਂ ਹੁੰਦਾ ਆ ਰਿਹਾ ਹੈ । ਜਿੱਥੇ ਸਾਡੇ ਗੁਰੂਆਂ, ਪੀਰਾਂ, ਫ਼ਕੀਰਾਂ ਨੇ ਔਰਤ ਨੂੰ ਜੱਗ ਜਣਨੀ ਕਹਿ ਕੇ ਸਲਾਹਿਆ ਅਤੇ ਔਰਤ ਉੱਪਰ ਹੋ ਰਹੇ ਅੱਤਿਆਚਾਰਾਂ ਉੱਤੇ ਹਾਅ ਦਾ ਨਾਅਰਾ ਮਾਰਿਆ, ਉੱਥੇ ਅਜੋਕੇ ਦੌਰ ਵਿੱਚ ਪਾਖੰਡੀ ਸਾਧਾਂ ਵਲੋਂ ਆਪਣੇ ਆਪ ਨੂੰ ਸਾਡੇ ਪੂਰਵਜ ਗੁਰੂਆਂ, ਪੀਰਾਂ, ਫ਼ਕੀਰਾਂ ਦੇ ਚੇਲੇ ਮੰਨਣਾ, ਵੱਡੀ ਮਾਤਰਾ ਵਿੱਚ ਡੇਰਿਆਂ ਦਾ ਨਿਰਮਾਣ ਕਰਨਾ ਅਤੇ ਉਨ੍ਹਾਂ ਡੇਰਿਆਂ ਵਿੱਚ ਗ਼ੈਰ ਕਾਨੂੰਨੀ ਕਰਮ ਕਰਦੇ ਹੋਏ ਭੋਲੀ ਭਾਲੀ ਜਨਤਾ ਦਾ ਸ਼ੋਸ਼ਣ ਕਰਨ ਦੇ ਨਾਲ ਨਾਲ ਔਰਤ ਦਾ ਸ਼ੋਸ਼ਣ ਕਰਨਾ ਵੀ ਇਕ ਵੱਡੀ ਸਮੱਸਿਆ ਵਜੋਂ ਪੇਸ਼ ਹੋਇਆ ਹੈ । ਵਿਚਾਰਧੀਨ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਇਸੇ ਸਮੱਸਿਆ ਨੂੰ ਪੇਸ਼ ਕਰਦੀ ਸਦੀਆਂ ਤੋਂ ਆਰਥਕ, ਰਾਜਨੀਤਕ, ਸਭਿਆਚਾਰਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਦਾ ਕਹਿਰ ਭੋਗਦੀ ਆ ਰਹੀ ਔਰਤ ਨੂੰ ਆਜ਼ਾਦ ਅਤੇ ਖੁਸ਼ਹਾਲ ਹੋਣ ਲਈ, ਸਮਾਜ ਦੀ ਸਿਰਜਣਾ ਵਿੱਚ ਮਰਦ ਦੇ ਸਮਾਨੰਤਰ ਅਤੇ ਬਰਾਬਰ ਦੇ ਮਹੱਤਵ ਵਾਲੀ ਧਿਰ ਮੰਨਣ ਵਜੋਂ ਪੇਸ਼ ਹੁੰਦੀ ਹੋਈ ਅੰਤਰ ਰਾਸ਼ਟਰੀ ਪੱਧਰ ਉੱਤੇ ਵਿਕਾਸਸ਼ੀਲ ਦੇਸ਼ਾਂ ਵਲੋਂ ਘੱਟ ਵਿਕਸਿਤ ਦੇਸ਼ਾਂ ਨੂੰ ਆਪਣੇ ਦਬਾਅ ਹੇਠ ਰੱਖਣ ਦੀ ਨੀਤੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੋਈ ਵਿਕਾਸ ਕਰਦੀ ਹੈ । ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਨਿੱਕੇ ਬੀਬੀ ਸੈਹਬਾ ਦੇ ਮੰਗੇਤਰ ਦੀ ਮੌਤ ਤੋਂ ਬਾਅਦ ਉਸਦੇ ਪਿਤਾ ਵਲੋਂ ਉਸਨੂੰ ਸੈਹਬ ਜੀਆ ਦੇ ਡੇਰੇ ਵਿੱਚ ਮੱਥਾ ਟੇਕਣਾ 'ਬੰਦ ਮੋਟਿਫ਼' ਹੈ । ਕਹਾਣੀ ਬਿਰਤਾਂਤ ਦਾ ਸਮੁੱਚਾ ਮਾਹੌਲ ਇਸ ਮੋਟਿਫ਼ ਤੋਂ ਦਿਸ਼ਾ ਨਿਰਧਾਰਿਤ ਕਰਦਾ ਹੋਇਆ ਡੇਰਾ ਸੱਭਿਆਚਾਰ ਦੁਆਲੇ ਉਸਰਿਆ ਹੋਇਆ ਹੈ । ਕਹਾਣੀ ਦੀ ਕੇਂਦਰੀ ਪਾਤਰ ਨਿੱਕੇ ਬੀਬੀ ਸੈਹਬਾ ਵਲੋਂ ਅਪਣਾਈ ਗਾਲ੍ਹਾਂ ਵਾਲੀ ਭਾਸ਼ਾ ਡੇਰਾ ਸੱਭਿਆਚਾਰ ਦੀਆਂ ਅੰਦਰਲੀਆਂ ਪਰਤਾਂ ਨੂੰ ਅਭਿਵਿਅਕਤ ਕਰਦੀ ਹੋਈ ਪਾਖੰਡ ਦੇ ਆਡੰਬਰ ਥੱਲੇ ਲਕੋਏ ਜਾਂਦੇ ਅਸਲ ਸੱਚ ਨੂੰ ਨੰਗਾ ਕਰਦੀ ਕਹਾਣੀ ਦੀ ਬਿਰਤਾਂਤਕ ਤੋਰ ਨੂੰ ਗਤੀਸ਼ੀਲ ਬਣਾਈ ਰੱਖਦੀ ਹੈ । ਕਹਾਣੀ ਵਿੱਚ ਉਸਰਿਆ ਡੇਰਾ ਸਭਿਆਚਾਰ ਬਿਰਤਾਂਤ ਗਾਗਰ ਵਿੱਚ ਸਾਗਰ ਨੂੰ ਬੰਦ ਕਰਦਾ, ਰੇਪ ਤੋਂ ਲੈ ਕੇ ਬਾਕੀ ਸਮਾਜ ਵਿਰੋਧੀ ਕਾਰਜਾਂ ਤਕ ਫੈਲਦਾ ਸਾਡੀਆਂ ਮਰਦ ਪ੍ਰਧਾਨ ਮਨੋਸੰਰਚਨਾਵਾਂ ਲਈ ਵੱਡੀਆਂ ਚੁਣੌਤੀਆਂ ਬਣ ਕੇ ਉਭਰਦਾ ਹੋਇਆ ਵਿਕਾਸ ਕਰਦਾ ਹੈ । ਵਿਚਾਰਧੀਨ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਦਾ ਨਿਕਟਵਰਤੀ ਅਧਿਐਨ ਕਰਨ ਉੱਤੇ ਸਪੱਸ਼ਟ ਹੁੰਦਾ ਹੈ ਕਿ ਇਹ ਕਹਾਣੀ

ਬਹੁਅਰਥੀ, ਬਹੁ-ਪਰਤੀ, ਜਟਿਲ ਸੰਰਚਨਾ ਵਾਲੀ ਸਨਸਨੀ ਭਰਪੂਰ ਕਹਾਣੀ ਹੈ । ''ਕਹਾਣੀ ਦਾ ਸਿਰਲੇਖ ਆਮ ਪਾਠਕ ਦੀ ਸਨਸਨੀ ਨੂੰ ਵਧਾਉਂਦਾ ਉਸਨੂੰ ਪੜ੍ਹਨ ਲਈ ਉਕਸਾਉਂਦਾ ਹੈ । ਸਿਰਲੇਖ ਦੇ ਅਭਿਧਾਮੂਲਕ ਅਰਥਾਂ ਦਾ ਪਿੱਛਾ ਕਰਨ ਵਾਲਾ ਪਾਠਕ ਇਸ ਕਹਾਣੀ ਨੂੰ ਕਿਸੇ ਹੋਰ ਆਸ ਨਾਲ ਪੜ੍ਹਦਾ ਹੈ ਪਰ ਕਹਾਣੀ ਪਾਠ ਰੇਪ ਸ਼ਬਦ ਨੂੰ ਵਡੇਰੇ ਪਾਸਾਰ ਤੇ ਪ੍ਰਸੰਗ ਦੇ ਰਿਹਾ ਹੈ, ਇਹ ਪਾਸਾਰ 'ਧੱਕੇ' ਦੇ ਹਨ । ਕਹਾਣੀ ਪਾਠ ਇੱਕ ਵਿਕ੍ਰਿਤ ਮਾਹੌਲ ਵਿੱਚ ਸੁੱਟ ਦਿੱਤੀ ਗਈ ਕੋਮਲ ਮਾਨਸਿਕਤਾ ਦੇ ਖ਼ੌਫ਼ਨਾਕ ਰੂਪਾਂਤਰਨ ਦੀ ਬਾਤ ਪਾ ਰਿਹਾ ਹੈ । ਸਾਈਕਾਲੋਜੀ ਵਿਚ ਪੀਐੱਚ.ਡੀ. ਕਰ ਰਹੀ ਕੋਮਲ ਭਾਵੀ ਨਾਇਕਾ ਇਕ ਅਤਿ ਵਿਭਚਾਰ ਭਰੇ ਮਾਹੌਲ ਵਿੱਚ ਸੁੱਟ ਦਿੱਤੀ ਗਈ ਹੈ । ਇਸ ਮਾਹੌਲ ਵਿਚ ਇਹ ਨਾਇਕਾ ਭਾਵਨਾਵਾਂ ਦੇ ਦਮਨ ਵਿਚ ਦਫ਼ਨ ਹੋਣ ਦੀ ਥਾਂ ਦਮਨਕਾਰੀ ਰੋਲ ਤਕ ਵਿਕਾਸ ਪਾਉਂਦੀ ਹੈ ਜਿਹੜੀ ਕਦੇ ਆਪ ਵਿਭਚਾਰ ਦਾ ਸ਼ਿਕਾਰ ਹੋਈ ਸੀ ਕਹਾਣੀ ਦੇ ਅੰਤ ਵਿੱਚ ਉਹ ਆਪ ਆਕਰਮਣਕਾਰੀ ਰੋਲ ਵਿਚ ਹੈ । ਵਿਸ਼ੇ ਦਾ ਨਿਭਾਅ ਇੰਨਾ ਤਕੜਾ ਹੈ ਕਿ ਕਹਾਣੀਕਾਰ ਮਾਹੌਲ ਦੇ ਆਤੰਕ ਨੂੰ ਬਿਨਾਂ ਕੋਈ ਵੀ ਛੋਟ ਦਿੱਤੇ, ਗਲਤੀ ਕੀਤੇ ਸਿਰਜ ਰਿਹਾ ਹੈ । ਕਹਾਣੀ ਦਾ ਸਮੁੱਚਾ ਮਾਹੌਲ, ਸਥਿਤੀਆਂ, ਪਾਤਰ ਅਤੇ ਸਭ ਤੋਂ ਵੱਧ ਭਾਸ਼ਾਈ ਸੰਚਾਰ ਹਰ ਕਿਸਮ ਦੀ ਸਨਸਨੀ ਵਿੱਚੋਂ ਲੰਘਦਾ ਹੋਇਆ ਵੀ ਆਪਣੇ ਸੰਦੇਸ਼ ਦੀ ਇਕਾਗਰਤਾ ਨੂੰ ਭੰਗ ਨਹੀਂ ਹੋਣ ਦਿੰਦਾ । ਕਹਾਣੀ ਦੇ ਅਰਥ ਬਹੁਤ ਡੂੰਘੇ, ਬਹੁਤ ਪ੍ਰਸੰਗਿਕ ਅਤੇ ਬਹੁਤ ਸਪੱਸ਼ਟ ਹਨ । ਇਹੋ ਜਿਹੇ ਬਿਰਤਾਂਤ ਜਿਹੜੀ ਸਨਸਨੀ ਪੈਦਾ ਕਰਦੇ ਹਨ, ਉਹ ਮਾਨਸਿਕਤਾਵਾਂ ਨੂੰ ਬਹੁਤ ਦੂਰ ਤਕ ਝੰਜੋੜਦੀ ਹੈ । ਪਹਿਲਾਂ ਕਹਾਣੀ ਦੇ ਬਿਰਤਾਂਤਕ ਕਰਿੰਦੇ ਨੂੰ ਇੱਕ ਔਰਤ ਦੇ ਰੂਪ ਵਿਚ ਚਿਤਰਨਾ, ਫਿਰ ਉਸਨੂੰ ਵਿਭਚਾਰ ਦਾ ਸ਼ਿਕਾਰ ਬਣਾਉਣਾ, ਫਿਰ ਉਸਨੂੰ ਵਿਭਚਾਰੀ ਬਣਾਉਣਾ ਤੇ ਫਿਰ ਉਸਦੇ ਮੂੰਹੋਂ ਇਹ ਕਹਾਉਣਾ ਕਿ ਹੁਣ ਉਹ ਇਹ ਸਾਰਾ ਕੁਝ ਇੰਜੁਆਏ ਕਰਦੀ ਹੈ, ਬਿਰਤਾਂਤਕਾਰ ਦੀ ਇਕ ਵੱਡੀ ਕਲਾ ਜੁਗਤ ਹੈ । ਇਸ ਜੁਗਤ ਰਾਹੀਂ ਉਸਨੇ ਆਪਣਾ ਥੀਮ ਵੀ ਉਜਾਗਰ ਕੀਤਾ ਅਤੇ ਪਾਠਕ ਨੂੰ ਘੇਰ ਕੇ ਕਹਾਣੀ ਪੜ੍ਹਨ ਲਈ ਮਜ਼ਬੂਰ ਵੀ ਕੀਤਾ ਹੈ ।''[1]

ਵਿਚਾਰਧੀਨ ਕਹਾਣੀ ਦਾ ਥੀਮ-ਵਿਗਿਆਨਕ ਅਧਿਐਨ ਪਰਤ-ਦਰ-ਪਰਤ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ । ਇਹ ਕਹਾਣੀ 'ਵਿਸਾਹ ਸਿਰਜਣਾ' ਅਤੇ 'ਫ਼ੌਰੀ ਵਿਗੋਪਨ' ਦੀ ਜੁਗਤ ਰਾਹੀਂ ਸ਼ੁਰੂ ਹੁੰਦੀ ਹੈ । ਵਿਸਾਹ ਸਿਰਜਣਾ ਦੀ ਜੁਗਤ ਲੇਖਕ ਵਲੋਂ ਸੱਚ ਦਾ ਭੁਲਾਂਦਰਾ ਪਾਉਣ ਲਈ ਗਲਪੀ ਰਚਨਾਵਾਂ ਵਿੱਚ ਇੱਕ ਰੂੜੀ ਵਾਂਗ ਵਰਤੀ ਜਾਂਦੀ ਹੈ । ਜਿਸਦੇ ਅੰਤਰਗਤ ਲੇਖਕ ਆਪਣੀ ਰਚਨਾ ਨੂੰ ਸਮੁੱਚੇ ਤੌਰ ਉੱਤੇ ਸੱਚੀ ਸਿੱਧ ਕਰਨ ਦਾ ਜਤਨ ਕਰਦਾ ਹੈ । ਵਿਚਾਰਧੀਨ ਕਹਾਣੀ ਵੀ ਕਹਾਣੀਕਾਰ ਨੇ 'ਮੈਂ' ਮੁਖੀ ਬਿਰਤਾਂਤ ਵਿੱਚ ਇਸ ਤਰ੍ਹਾਂ ਪੇਸ਼ ਕੀਤੀ ਹੈ ਜਿਵੇਂ ਉਹ ਕਹਾਣੀ ਵਿੱਚ ਖ਼ੁਦ ਮੌਜੂਦ ਹੋਣ ਦੇ ਨਾਲ ਨਾਲ ਘਟਨਾਵਾਂ

ਅਤੇ ਪਾਤਰਾਂ ਦੇ ਅੰਗ-ਸੰਗ ਰਿਹਾ ਹੋਵੇ, ਸਮੁੱਚੀ ਕਹਾਣੀ ਕਹਾਣੀਕਾਰ ਦੀ ਅੱਖੀਂ-ਦੇਖੀਂ, ਹੱਡ-ਬੀਤੀ ਅਤੇ ਕੰਨੀਂ ਸੁਣੀ ਲੱਗਦੀ ਹੈ । ਇਸ ਸੰਬੰਧੀ ਉਨ੍ਹਾਂ ਦੀ ਆਪਣੀ ਧਾਰਨਾ ਹੈ ਕਿ –

> ਮੇਰੀ ਕੋਈ ਵੀ ਕਹਾਣੀ ਕੋਰੀ ਕਲਪਨਾ ਨਹੀਂ, ਮੇਰੇ ਆਪਣੇ ਅਨੁਭਵ 'ਚ ਵਾਪਰੇ ਯਥਾਰਥ ਨੇ । ਸਭ ਪਾਤਰ ਮੇਰੇ ਜਾਣੇ ਪਛਾਣੇ ਨੇ । ਹੱਡ ਮਾਸ ਦੇ । ਮੂੰਹ ਜ਼ੋਰ । ਇਹ ਕੋਈ ਮੋਮ ਦੇ ਘੜੇ ਹੋਏ ਪਾਤਰ ਨਹੀਂ ਕਿ ਮੈਂ ਜਿਵੇਂ ਚਾਹਾਂ ਕਰਵਾਈ ਜਾਵਾਂ । ਉਂਜ ਵੀ ਮੈਂ ਕਦੇ ਕੱਚੀ ਰਚਨਾ ਕਾਗਜ਼ ਤੇ ਨਹੀਂ ਉਤਾਰਦਾ । ਕਹਾਣੀ ਮੇਰੇ ਅੰਦਰੀ ਪੱਕਦੀ ਹੈ, ਰਿੱਝਦੀ ਹੈ, ਰਿੜਕੀ ਜਾਂਦੀ ਹੈ, ਮੰਥਨ ਹੁੰਦਾ ਹੈ, ਖੋਰੂ ਪਾਉਂਦੇ ਨੇ ਪਾਤਰ । ਫੇਰ ਐਨ ਜਿਵੇਂ ਸਹੀ ਦਿਨਾਂ 'ਤੇ ਸਹੀ ਸਮੇਂ 'ਤੇ ਬੱਚਾ ਜਨਮ ਲੈਂਦਾ ... ।[2]

ਵਿਚਾਰਧੀਨ ਕਹਾਣੀ ਵੀ ਕਲਪਨਾ ਦੇ ਰਲਾ ਵਜੋਂ ਕਹਾਣੀਕਾਰ ਦੇ ਹੱਡੀਂ ਬੀਤੇ ਯਥਾਰਥ ਵਜੋਂ ਪੇਸ਼ ਹੁੰਦੀ ਹੋਈ ਪ੍ਰਤੀਤ ਹੁੰਦੀ ਹੈ, ਜਿਵੇਂ ਕਹਾਣੀ ਦੇ ਸ਼ੁਰੂ ਵਿੱਚ ਹੀ ਕਹਾਣੀ ਦੀ ਕੇਂਦਰੀ ਪਾਤਰ 'ਨਿੱਕੇ ਬੀਬੀ ਸੈਹਬਾ' ਜਦੋਂ ਕਹਿੰਦੀ ਹੈ ਕਿ –

> ਮੈਂ ਰੇਪ ਨੂੰ ਇੰਜੁਆਏ ਕਰਦੀ ਆਂ ਅੱਜ ਕੱਲ ... ।
> ਅੱਜ ਕੱਲ ਹੋਰ ਵੀ ਕਿੰਨਾ ਕੁੱਛ ਇੰਜੁਆਏ ਕਰਦੀ ਆਂ ... ।[3]

ਇਹ ਵਿਸਾਹ ਸਿਰਜਣਾ ਦੀ ਜੁਗਤ ਹੈ ਜੋ ਪਾਤਰਾਂ ਅਤੇ ਘਟਨਾਵਾਂ ਨੂੰ ਸਚਿਆਉਂਦੀ ਹੋਈ ਕਥਾ ਦੇ ਸ਼ੁਰੂ ਵਿੱਚ ਹੀ ਕਹਾਣੀ ਦੀ ਕੇਂਦਰੀ ਪਾਤਰ ਦੀ ਹੋਣੀ ਨਾਲ ਸਾਡੀ ਜਾਣ-ਪਛਾਣ ਕਰਵਾ ਦਿੰਦੀ ਹੈ। ਕਹਾਣੀ ਦੇ ਸ਼ੁਰੂ ਵਿੱਚ ਪੇਸ਼ ਹੋਈ ਵਿਸਾਹ ਸਿਰਜਨਾ ਦੀ ਜੁਗਤ ਨੂੰ ਅਸੀਂ 'ਫ਼ੌਰੀ ਵਿਗੋਪਨ' ਦੇ ਤੌਰ ਉੱਤੇ ਵੀ ਪਛਾਣ ਸਕਦੇ ਹਾਂ, 'ਫ਼ੌਰੀ ਵਿਗੋਪਨ' ਦੇ ਅੰਤਰਗਤ ਕਾਰਜ ਵਾਪਰਨ ਤੋਂ ਪਹਿਲਾਂ ਹੀ ਪਾਤਰਾਂ ਦੀ ਸਥਿਤੀ ਸਪੱਸ਼ਟ ਕਰ ਦਿੱਤੀ ਜਾਂਦੀ ਹੈ ।[4] ਜਿਸ ਤਰ੍ਹਾਂ ਅਸੀਂ ਕਹਾਣੀ ਦੇ ਸ਼ੁਰੂ ਵਿੱਚ ਦੇਖਦੇ ਹਾਂ –

> ਮੈਂ ਰੇਪ ਨੂੰ ਇੰਜੁਆਏ ਕਰਦੀ ਆਂ ਅੱਜ ਕੱਲ ... ।
> ਅੱਜ ਕੱਲ ਹੋਰ ਵੀ ਕਿੰਨਾ ਕੁੱਛ ਇੰਜੁਆਏ ਕਰਦੀ ਆਂ ... ।
> ਹੋਰ ਕਿੰਨਾ ਕੁੱਝ ... ?
> ਹਾਂਅ ਕਿੰਨਾ ਹੀ ਕੁੱਛ, ਜਿਸ ਤੋਂ ਨਫ਼ਰਤ ਸੀ ਕਦੇ, ਕਮੀਨਗੀ, ਮੱਕਾਰੀ, ਝੂਠ ਤੇ ... ਤੇ ਸੈਹਬ ਜੀਆਂ ਦੀਆਂ ਗਾਲ੍ਹਾਂ ... ।[5]

ਕਹਾਣੀ ਦੇ ਸ਼ੁਰੂ ਵਿੱਚ 'ਫ਼ੌਰੀ ਵਿਗੋਪਨ' ਦੇ ਅੰਤਰਗਤ ਕੇਂਦਰੀ ਪਾਤਰ ਨਿੱਕੇ ਬੀਬੀ ਸੈਹਬਾ ਦਾ ਆਪਣੇ ਆਪ ਨੂੰ ਸੰਬੋਧਨ ਰਚਨਾਤਮਕ ਲੋੜ ਦੀ ਪੂਰਤੀ ਹਿੱਤ ਕਹਾਣੀ ਬਿਰਤਾਂਤ ਨੂੰ ਗਤੀ ਦੇਣ ਲਈ

ਵਰਤਿਆ ਗਿਆ ਹੈ । ਜੋ ਇਹ ਪ੍ਰਭਾਵ ਸਪੱਸ਼ਟ ਕਰਦਾ ਹੈ ਕਿ ਸਦੀਆਂ ਤੋਂ ਮਰਯਾਦਾ ਦੇ ਕਿੱਲੀ ਬੱਝੀ ਔਰਤ ਦੇ ਮਨ ਅੰਦਰ ਇਹ ਭਰਮ ਬੈਠਾ ਹੋਇਆ ਹੈ ਕਿ ਉਸਦਾ ਧਰਮ ਮਰਦ ਦੀਆਂ ਇਛਾਵਾਂ ਦੀ ਪੂਰਤੀ ਕਰਨਾ ਹੈ ਪਰ ਕਹਾਣੀ ਦੀ ਕੇਂਦਰੀ ਪਾਤਰ ਨੂੰ ਸਮਾਜ ਦੀ ਇਹ ਪਰੰਪਰਾ ਮਨਜ਼ੂਰ ਨਹੀਂ, ਇਸੇ ਕਰਕੇ ਉਹ ਹਾਰੀ ਹੋਈ ਇਸਤਰੀ ਨਹੀਂ ਸਗੋਂ ਉਹ ਤਾਂ ਸਭ ਕੁਝ ਇੰਜੁਆਏ ਕਰਨ ਵਾਲੀ ਮਰਦ ਦੇ ਬਰਾਬਰ ਪਹੁੰਚ ਰੱਖਣ ਵਾਲੀ ਔਰਤ ਵਜੋਂ ਪੇਸ਼ ਹੋਈ ਹੈ । ਕਹਾਣੀ ਦੇ ਸ਼ੁਰੂ ਵਿੱਚ ਪੈਦਾ ਹੋਏ ਇਸ ਤਰ੍ਹਾਂ ਦੇ ਮਾਹੌਲ ਤੋਂ ਹੀ ਕਹਾਣੀ ਦਾ ਫੇਬੁਲਾ ਆਰੰਭ ਹੋ ਜਾਂਦਾ ਹੈ । ਇਸ ਤੋਂ ਬਾਅਦ ਪੇਸ਼ ਹੋਈਆਂ ਸਾਰੀਆਂ ਸਥਿਤੀਆਂ ਅਤੇ ਘਟਨਾਵਾਂ ਇਸ ਦਾ ਵਿਸਥਾਰ ਹਨ ਜਿਨ੍ਹਾਂ ਨੂੰ ਵੱਖ-ਵੱਖ ਸੁਜੇਤਾਂ ਦੀ ਮੱਦਦ ਨਾਲ ਅਜਨਬੀਕਰਣ ਦੀ ਵਿਧੀ ਅਨੁਸਾਰ ਪੇਸ਼ ਕੀਤਾ ਗਿਆ ਹੈ । ਕਹਾਣੀ ਦੇ ਸ਼ੁਰੂ ਵਿੱਚ 'ਵਿਸਾਹ ਸਿਰਜਣਾ' ਅਤੇ 'ਫ਼ੌਰੀ ਵਿਗੋਪਨ' ਦੇ ਅੰਤਰਗਤ ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤਿਆ ਗਿਆ ਮਾਹੌਲ ਕਹਾਣੀ ਬਿਰਤਾਂਤ ਨੂੰ ਗਤੀ ਪ੍ਰਦਾਨ ਕਰਦਾ ਹੋਇਆ ਅੱਗੇ ਵਧੀਕ ਜਾਣਨ ਦੀ ਇੱਛਾ ਨੂੰ ਜਗਾਉਂਦਾ ਹੈ, ਕਿਉਂਕਿ ਉਹ ਕਾਰਨ ਅਜੇ ਲੁਕੇ ਹੋਏ ਹਨ, ਜਿਨ੍ਹਾਂ ਕਰਕੇ ਕਹਾਣੀ ਦੀ ਕੇਂਦਰੀ ਪਾਤਰ ਰੇਪ, ਕਮੀਨਗੀ, ਮੱਕਾਰੀ, ਝੂਠ ਅਤੇ ਸੈਹਬ ਜੀਆਂ ਦੀਆਂ ਗਾਲ੍ਹਾਂ ਨੂੰ ਇੰਜੁਆਏ ਕਰਦੀ ਹੈ । ਸਾਨੂੰ ਉਨ੍ਹਾਂ ਕਾਰਨਾਂ ਦੀ ਤਲਾਸ਼ ਕਹਾਣੀ ਦੇ ਅਗਲੇ ਪੰਨਿਆਂ ਵਿਚ ਰਹਿਣੀ ਹੈ, ਜੋ ਪਿਛਲੇ ਸਮੇਂ ਵਿੱਚ ਵਾਪਰ ਚੁੱਕੇ ਹਨ । ਏਥੇ ਉਨ੍ਹਾਂ ਕਾਰਨ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ, ਕਹਾਣੀ ਨੂੰ ਰੋਕਣਾ ਵੀ ਬਿਰਤਾਂਤਕ ਰਚਨਾ ਦੀ ਮਹੱਤਵਪੂਰਨ ਜੁਗਤ ਹੈ । ਇਹ ਰੁਕਾਵਟ ਕਹਾਣੀਕਾਰ ਨੇ ਕਾਰਨ-ਕਾਰਜ ਦੇ ਕ੍ਰਮ ਨੂੰ ਉਲਟਾ ਕੇ ਪਾਈ ਹੈ, ਕਿਉਂਕਿ ਕਹਾਣੀਕਾਰ ਨੇ ਕੇਂਦਰੀ ਪਾਤਰ ਵਲੋਂ ਰੇਪ, ਕਮੀਨਗੀ, ਮੱਕਾਰੀ, ਝੂਠ ਅਤੇ ਸੈਹਬ ਜੀਆਂ ਦੀਆਂ ਗਾਲ੍ਹਾਂ ਨੂੰ ਇੰਜੁਆਏ ਕਰਨ ਦੇ ਕਾਰਜ ਦੱਸ ਦਿੱਤੇ ਹਨ ਪਰ ਕਾਰਨ (ਇੰਜੁਆਏ ਕਿਉਂ ?) ਰੋਕ ਲਏ ਹਨ । ਇਸ ਤਰ੍ਹਾਂ ਕਹਾਣੀ ਦੇ ਸ਼ੁਰੂ ਵਿੱਚ 'ਵਿਸਾਹ-ਸਿਰਜਣਾ' ਅਤੇ 'ਫ਼ੌਰੀ ਵਿਗੋਪਨ' ਦੀ ਜੁਗਤ ਦੇ ਅੰਤਰਗਤ ਪੈਦਾ ਹੋਇਆ ਮਾਹੌਲ ਪਾਠਕ ਦੇ ਮਨ ਅੰਦਰ ਕਈ ਤਰ੍ਹਾਂ ਦੇ ਸਵਾਲ ਪੈਦਾ ਕਰਦਾ ਹੈ। ਜਿਵੇਂ :

(1) ਆਪਣੀ ਹੱਡ ਬੀਤੀ ਕਹਾਣੀ ਸੁਣਾਉਣ ਵਾਲੀ ਲੜਕੀ ਰੇਪ, ਕਮੀਨਗੀ, ਮੱਕਾਰੀ, ਝੂਠ ਤੇ ਸੈਹਬ ਜੀਆਂ ਦੀਆਂ ਗਾਲ੍ਹਾਂ ਨੂੰ ਇੰਜੁਆਏ ਕਿਸ ਤਰ੍ਹਾਂ ਕਰਦੀ ਹੈ ?

(2) ਉਸ ਦਾ ਨਾਮ ਥਾਂ ਟਿਕਾਣਾ ਕੀ ਹੈ ?

(3) ਇਹ ਸੈਹਬ ਜੀ ਕੌਣ ਹਨ ?

ਪਹਿਲੇ ਅਤੇ ਦੂਸਰੇ ਸਵਾਲ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ, ਇਸ ਬਾਰੇ ਜਾਣਕਾਰੀ ਸਾਨੂੰ ਹੌਲੀ ਹੌਲੀ 'ਵਿਲੰਬਤ ਵਿਗੋਪਨ' ਵਜੋਂ ਮਿਲੇਗੀ । ਤੋਮਾਸੇਵਸਕੀ ਅਨੁਸਾਰ ਕਈ ਵਾਰ ਪਾਤਰਾਂ ਦੇ ਅੰਤਰ-ਸੰਬੰਧਾਂ ਦੀ

ਪਛਾਣ ਕਾਫ਼ੀ ਲੰਮਾ ਅਰਸਾ ਲੈ ਜਾਂਦੀ ਹੈ । ਸਥਿਤੀ ਲਈ ਕੁਝ ਸੰਕੇਤ ਕਿਤੇ ਕਿਤੇ ਖਿਲਾਰ ਦਿੱਤੇ ਜਾਂਦੇ ਹਨ ਅਤੇ ਸਥਿਤੀ ਦੀ ਸਮਝ ਟੁਕੜਾ ਟੁਕੜਾ ਹੋ ਕੇ ਆਉਂਦੀ ਹੈ ।[6] ਅਜੇਹੀ ਖੰਡਿਤ ਹੋ ਕੇ ਮਿਲੀ ਜਾਣਕਾਰੀ ਨੂੰ 'ਵਿਲੰਬਤ ਵਿਗੋਪਨ' ਦਾ ਨਾਮ ਦਿੱਤਾ ਜਾ ਸਕਦਾ ਹੈ।

ਇਸ ਤੋਂ ਅੱਗੇ ਤੀਜੇ ਪ੍ਰਸ਼ਨ ਦਾ ਜੁਆਬ ਦਿੰਦੀ ਹੋਈ ਕਹਾਣੀ ਦੀ ਕੇਂਦਰੀ ਪਾਤਰ ਹੇਠ ਲਿਖੇ ਵੇਰਵਿਆਂ ਨੂੰ ਸਪੱਸ਼ਟ ਕਰਦੀ ਹੈ –

- ਸੈਹਬ ਜੀ ਸੋਢੀ ਪਾਤਸ਼ਾਹ, ਗੁਰੂ ਸਾਹਬ ਜੀ ਦੀ ਕੁੱਲ ਚੋਂ ਨੇ, ਹਿੱਕ ਫੁਲਾਕੇ ਆਖਦੇ ਨੇ, ''ਅਸੀਂ ਭੈਣ ਚੋ, ਅਸੀਂ ਗੁਰੂਆਂ ਦੀ ਕੁੱਲ ਵਿੱਚੋਂ, ਇਹ ਲੋਕ ਭੈਣ ਚੋ, ਸਾਲੇ ਕੁੱਤੇ, ਨੀਚ ਭੈਣ ਚੋ... ।''[7]
- 'ਭੈਣ ਚੋ' ਇਹਨਾਂ ਦਾ ਤਕੀਆ ਕਲਾਮ ਐ, ਗਾਲ੍ਹਾਂ ਤੇ ਗੰਦਮੰਦ ਏਹਨਾਂ ਦੇ ਮੁੱਖੋਂ ਇੰਜ ਨਿਕਲਦਾ, ਸੈਹਜ ਭਾਅ, ਕਿ ਬੱਸ ... ।[8]
- ਸੈਹਬ ਜੀ ਗਾਲ੍ਹਾਂ ਦੇ ਜਰੀਏ ਸੰਕੇਤਕ ਤੌਰ ਉੱਤੇ ਸੱਟੇ ਦਾ ਨੰਬਰ ਦਿੰਦੇ ਹਨ ।

ਉਪਰੋਕਤ ਮੋਟਿਫ਼ਾਂ ਦੇ ਸਧਾਰਣ ਤੇ ਪ੍ਰਤੱਖ ਦੁਹਰਾਓ ਨੂੰ ਅਸੀਂ 'ਦੁਹਰਾਓ ਲੇਬਲ' ਦਾ ਨਾਮ ਦੇ ਸਕਦੇ ਹਾਂ । ਫ਼ਾਕ ਅਨੁਸਾਰ ਮੋਟਿਫ਼ ਦੇ ਸਧਾਰਣ ਤੇ ਬਹੁਤ ਹੀ ਪ੍ਰਤੱਖ ਦੁਹਰਾਓ ਨੂੰ ਅਕਸਰ 'ਲੇਟ ਮੋਟਿਫ਼' ਆਖਿਆ ਜਾਂਦਾ ਹੈ । ਇਸੇ ਨੂੰ ਇਕ ਹੋਰ ਸ਼ਬਦ 'ਦੁਹਰਾਓ ਲੇਬਲ' ਦਾ ਨਾਮ ਦੇ ਸਕਦੇ ਹਾਂ।[9] ਇਹ ਇਕ ਸੰਕੇਤ, ਇਕ ਲਫਜ ਜਾਂ ਇਕ ਕਥਨ ਵੀ ਹੋ ਸਕਦਾ ਹੈ। ਜੋ ਪਾਤਰ ਦੀ ਕਿਸੇ ਵਿਸ਼ੇਸ਼ ਖਾਸੀਅਤ ਨੂੰ ਪ੍ਰਗਟਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ । 'ਦੋਹਰਾਓ ਲੇਬਲ' ਕਿਸੇ ਪਾਤਰ ਦੀਆਂ ਭਿੰਨ ਭਿੰਨ ਪਰੰਤੂ ਇਕੋ ਹੀ ਤਰ੍ਹਾਂ ਦੀਆਂ ਆਦਤਾਂ ਨੂੰ ਦਰਸਾਉਂਦਾ ਹੈ ਅਤੇ ਮੁਖ ਕਾਰਜ ਉਸ ਦੇ ਸੁਭਾ ਜਾਂ ਚਰਿਤਰ ਦੀਆਂ ਖੂਬੀਆਂ ਜਾਂ ਲੱਛਣਾਂ ਉਤੇ ਬਲ ਦੇਣਾ ਹੁੰਦਾ ਹੈ।[10] ਸੋ ਉਪਰੋਕਤ ਮੋਟਿਫ਼ਾਂ ਸੈਹਬ ਜੀ ਵੱਲੋਂ ਗਾਲ੍ਹਾਂ ਕੱਢਣ ਦੀਆਂ ਵੱਖ-ਵੱਖ ਪਰੰਤੂ ਇਕੋ ਤਰ੍ਹਾਂ ਦੀਆਂ ਪ੍ਰਭਾਵ ਪਾਉਂਦੀਆਂ ਆਦਤਾਂ ਅਤੇ ਸੁਭਾਅ ਦੀਆਂ ਖੂਬੀਆਂ ਉੱਤੇ ਬਲ ਦਿੰਦਾ ਗਿਆ ਹੈ । ਦੁਹਰਾਓ ਲੇਬਲ ਦੇ ਅੰਤਰਗਤ ਸੈਹਬ ਜੀਆਂ ਬਾਰੇ ਮਿਲੀ ਜਾਣਕਾਰੀ ਡੇਰਾ ਕਲਚਰ ਦੇ ਅੰਦਰੂਨੀ ਯਥਾਰਥ ਨੂੰ ਪੇਸ਼ ਕਰਦੀ ਸੈਹਬ ਜੀ ਦੇ ਕਹਾਣੀ ਵਿੱਚ ਸਮੁੱਚੇ ਰੋਲ ਬਾਰੇ ਵਿਗੋਪਨ ਸਪੱਸ਼ਟ ਕਰਦੀ ਹੋਈ ਪਾਠਕ ਦੇ ਮਨ ਅੰਦਰ ਕਈ ਤਰ੍ਹਾਂ ਦੀਆਂ ਗੁੰਝਲਾਂ ਪੈਦਾ ਕਰਦੀ ਅਗੋਂ ਕੀ ਹੋਵੇਗਾ ? ਤਹਿਤ ਪ੍ਰਸ਼ਨ ਖੜ੍ਹੇ ਕਰਦੀ ਹੈ । ਜਿਵੇਂ :

- ਸੈਹਬ ਜੀ ਮਿੱਠ ਬੋਲੜੇ ਗੁਰੂਆਂ, ਪੀਰਾਂ, ਫਕੀਰਾਂ ਨਾਲ ਸੰਬੰਧ ਰੱਖਣ ਵਾਲੀ ਕੁੱਲ ਵਿਚੋਂ ਹੁੰਦੇ ਹੋਏ ਗਾਲ੍ਹਾਂ ਕਿਉਂ ਕੱਢਦੇ ਹਨ ?

- ਚਲੋਂ 'ਭੈਣ ਚੋ ਤਾਂ ਇਨ੍ਹਾਂ ਦਾ ਤਕੀਆ ਕਲਾਮ ਹੋਇਆ, ਬਾਕੀ ਗਾਲ੍ਹਾਂ ਤੇ ਗੰਦਮੰਦ ਇਨ੍ਹਾਂ ਦੇ ਮੁਖੋਂ ਕਿਉਂ ਨਿਕਲਦਾ ਹੈ ?
- ਕੀ ਸੈਹਬ ਜੀ ਅਲੌਕਿਕ ਸ਼ਕਤੀ ਦੇ ਮਾਲਕ ਹਨ ? ਜੋ ਗਾਲ੍ਹਾਂ ਦੇ ਜਰੀਏ ਸੰਕੇਤਕ ਤੌਰ ਉੱਤੇ ਸੱਟੇ ਦੇ ਆਉਣ ਵਾਲੇ ਨੰਬਰ ਬਾਰੇ ਦੱਸਦੇ ਹਨ ।

ਤੀਜੇ ਪ੍ਰਸ਼ਨ ਬਾਰੇ ਜਾਣਕਾਰੀ ਤਾਂ ਸਾਨੂੰ ਹੌਲੀ ਹੌਲੀ ਖੰਡਿਤ ਰੂਪ ਵਿੱਚ 'ਵਿਲੰਬਤ ਵਿਗੋਪਨ' ਵਜੋਂ ਮਿਲੇਗੀ ਪਰ ਪਹਿਲੇ ਅਤੇ ਦੂਸਰੇ ਸਵਾਲ ਬਾਰੇ ਜਾਣਕਾਰੀ ਸਾਨੂੰ ਕੇਂਦਰੀ ਪਾਤਰ ਅਤੇ ਕਾਮਰੇਡ ਦੀ ਆਪਸੀ ਵਾਰਤਾਲਾਪ ਦੇ ਸੰਬਾਦੀ ਮੋਟਿਫ਼ਾਂ ਵਜੋਂ ਤੁਰੰਤ ਹੀ ਸੈਹਬ ਜੀਆਂ ਬਾਰੇ ਮਿਲੀ ਜਾਣਕਾਰੀ ਤੋਂ ਬਾਅਦ ਹੀ ਮਿਲ ਜਾਂਦੀ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ –

> ''ਏਹ ਵੀ ਅਜੀਬ ਉਲਟ ਫੇਰ ਹੋਇਆ ਜੀ, ਬਹੁਤ ਚਿਰ ਪਹਿਲਾਂ ਇਕ ਬੂਬਨਾ ਆ ਬੈਠਾ ਆਪਣੇ ਸਿਵਿਆਂ 'ਚ, ਦਾਰੂ ਪੀਂਦਾ, ਸਿਗਟਾਂ ਫੂਕਦਾ, ਗੰਦ ਬਕਦਾ ... ਆਹ ਸੱਟੇ ਦੀ ਬੈਅਬਤ ਵੀ ਉਹਨੇ ਲਾਈ ਲੋਕਾਂ ਨੂੰ ... ਗੱਲ ਮੁਕਾਓ, ਗੱਲ ਬਰਦਾਸ਼ਤੋਂ ਬਾਹਰ ਹੋ ਗਈ, ਅਸੀਂ ਸੈਹਬ ਜੀਆਂ ਕੋਲ ਜਾਂ ਪੇਸ਼ ਹੋਏ ਕਿ ਆਪ ਜੀ ਦੇ ਹੁੰਦਿਆਂ ਇਕ ਬੂਬਨਾ ਆਹ ਲੁੱਚ-ਪੌਹ ਕਰੇ ... ਕਿਰਪਾ ਕਰੋ ਜੀ ... ''ਬੱਸ ਫੇਰ ਕੀ ਜੀ, ਸੈਹਬ ਜੀ ਖੁਦ ਚੱਲ ਪਏ ਉੱਠਕੇ, ਸਿਵਿਆਂ ਤੱਕ ਪੂਰਾ ਕਾਫਲਾ ਬਣ ਗਿਆ ਜੀ, ... ਜਿਓਂ ਹੀ ਸੈਹਬ ਜੀਆਂ ਨੇ ਆਦੇਸ਼ ਦਿੱਤਾ ਕਿ ਬਾਹਰ ਕਰੋ ਏਥੋਂ, ਏਸ ਸ਼ਰਾਬੀ ਕਬਾਬੀ ਤੇ ਤਮਾਕੂ ਪੀਣੇ ਨੂੰ ... । ... ਓਸ ਕਪਟੀ ਨੂੰ ਭੱਜਦੇ ਨੂੰ ਰਾਹ ਨਾ ਲੱਭਾ ... ਪਰ ਨਿੱਕੇ ਬੀਬੀ ਜੀ ਜਿਹਨਾਂ ਨੇ ਓਸ ਚਲਿੱਤਰੀ ਨਾਲ ਰਲ਼ਕੇ ਸੈਹਬ ਜੀਆਂ ਦੇ ਪੁਰਖਿਆਂ ਦੀ 'ਮੁਕੱਦਸ' ਜਗ੍ਹਾ ਨੂੰ 'ਨਾਪਾਕ' ਕਰਨ 'ਚ ਮੋਹਰੀ ਭੂਮਿਕਾ ਨਿਭਾਈ ਸੀ ਉਹਨਾਂ ਮੋਹਰੀਆਂ ਨੂੰ ਉਹ ਪ੍ਰਸ਼ਾਦ ਦਿੱਤਾ ਗਾਲ੍ਹਾਂ ਦਾ ਕਿ ਕੀ ਦੱਸਾਂ ... ? ... ਉਹਨਾਂ ਨੂੰ ਸੱਟੇ ਦਾ ਐਸਾ ਭੁੱਸ ਪੈ ਚੁੱਕਾ ਸੀ ਕਿ ਸੈਹਬ ਜੀਆਂ ਦੀਆਂ ਗਾਲ੍ਹਾਂ ਦੇ ਪ੍ਰਸ਼ਾਦ ਉਤੇ ਵੀ ਜਾ ਸੱਟਾ ਲਾਇਆ ਸੱਭ ਨੇ ... ਤੇ ਸੈਹਬ ਜੀ ਤਾਂ ਮੇਹਰ ਕਰਦੇ ਰੈਂਹਦੇ ਨੇ ਪਰ ਦੱਸਦੇ ਨੇ ਕਿ ਲੋਕਾਂ ਤੋਂ ਹਸਾਬ ਲੌਣ ਵਿੱਚ ਗੜਬੜ ਹੋ ਜਾਂਦੀ ਐ ਬਹੁਤੀ ਵਾਰੀ ... ।[11]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਕਹਾਣੀ ਦੀ ਕੇਂਦਰੀ ਪਾਤਰ ਅਤੇ ਕਾਮਰੇਡ ਦੀ ਆਪਸੀ ਵਾਰਤਾਲਾਪ ਦੇ ਸੰਵਾਦੀ ਮੋਟਿਫ਼ ਪਿੱਛਲਝਾਤ ਦੀ ਜੁਗਤ ਵਜੋਂ, ਕਹਾਣੀ ਦੇ ਬਿਰਤਾਂਤ ਨੂੰ ਆਸੇ ਪਾਸੇ ਖਿਲਾਰਦੇ ਹੋਏ ਕਹਾਣੀ ਦੀ ਕੇਂਦਰੀ ਪਾਤਰ ਦੇ ਨਾਮ ਅਤੇ ਸੈਹਬ ਜੀਆਂ ਦੇ ਗਾਲ੍ਹਾਂ ਅਤੇ ਸੱਟਾਂ ਦੇਣ ਦੇ

ਕਾਰਨਾਂ ਨੂੰ ਵਿਗੋਪਤ ਕਰਦੇ ਹੋਏ ਅਤੀਤ ਕਾਲਕ ਤੇ ਵਰਤਮਾਨ ਵੇਰਵਿਆਂ ਨੂੰ ਇਕੋ ਸਮੇਂ ਪੇਸ਼ ਕਰਕੇ, ਕਹਾਣੀ ਬਿਰਤਾਂਤ ਨੂੰ ਅਗਾਂਹ ਵਿਕਾਸ ਕਰਨ ਲਈ ਸਹਾਇਤਾ ਕਰਦੇ ਹਨ। ਪਾਠਕ ਦੇ ਮਨ ਅੰਦਰ ਉਪਰੋਕਤ ਸੰਵਾਦੀ ਮੋਟਿਫ਼ਾਂ ਵਿੱਚੋਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਕਾਮਰੇਡ ਕੌਣ ਹੈ ਜੋ ਨਿੱਕੇ ਬੀਬੀ ਸੈਹਬਾਂ ਨਾਲ ਵਾਰਤਾਲਾਪ ਕਰ ਰਿਹਾ ਹੈ ? ਇਸ ਤੋਂ ਅਗਾਂਹ ਕਹਾਣੀ ਬਿਰਤਾਂਤ ਵਿੱਚ ਕਾਮਰੇਡ ਬਾਰੇ ਵਿਗੋਪਨ ਸਪੱਸ਼ਟ ਕਰ ਦਿੱਤਾ ਗਿਆ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਕਾਮਰੇਡ ਏਸ ਇਲਾਕੇ 'ਚ ਜਾਣਿਆ ਪਛਾਣਿਆ ਬੰਦੈ, ਸੈਹਬ ਜੀਆਂ ਦਾ ਖ਼ਾਸਮਖ਼ਾਸ ... ਕਾਮਰੇਡ ਨੇ ਕਾਂਗਰਸ ਨਾਲ ਰਲ ਕੇ ਚੋਣ ਵੀ ਲੜੀ ਸੀ ਵਿਧਾਨ ਸਭਾ ਦੀ, ਸੁਣਿਐ ਸੈਹਬ ਜੀ ਦਿੱਲੀ ਤਕ ਗਏ ਸੀ ਟਿਕਟ ਦੁਔਣ ਅਤੇ ਖਰਚਾ ਵੀ ਬਹੁਤਾ ਸੈਹਬ ਜੀਆਂ ਨੇ ਕੀਤਾ ਸੀ, ... ਪਰ ਕਾਮਰੇਡ ਜੀ ਬੁਰੀ ਤਰਾਂ ਹਾਰੇ ਸਨ ... ਓਦੋਂ ਤੋਂ ਸੈਹਬ ਜੀ ਇਲਾਕੇ ਵਾਲਿਆਂ ਨੂੰ ਬਹੁਤਾ ਈ ਪ੍ਰਸ਼ਾਦ ਦੇਣ ਲੱਗੇ ਨੇ ਗਾਲ੍ਹਾਂ ਦਾ ... ।[12]

ਕਾਮਰੇਡ ਬਾਰੇ ਵਿਗੋਪਨ ਸਪੱਸ਼ਟ ਕਰਦੇ ਹੋਏ ਨਿੱਕ ਬੀਬੀ ਸੈਹਬਾ ਦੇ ਉਪਰੋਕਤ ਬੋਲ ਜਿਥੇ ਕਹਾਣੀ ਦੇ ਬਿਰਤਾਂਤ ਨੂੰ ਅਗਾਂਹ ਤੋਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ ਉਥੇ ਪਾਠਕ ਦੇ ਮਨ ਅੰਦਰ ਸਵਾਲ ਉਤਪੰਨ ਕਰਦੇ ਹਨ ਕਿ ਇਹ ਇਲਾਕਾ ਕਿਹੜਾ ਹੈ ? ਜਿੱਥੋਂ ਦੇ ਲੋਕਾਂ ਨੂੰ ਸੈਹਬ ਜੀ ਗਾਲ੍ਹਾਂ ਦਾ ਬਹੁਤ ਪ੍ਰਸਾਦ ਦੇਣ ਲੱਗ ਪਏ ਹਨ । ਉਸ ਇਲਾਕੇ ਬਾਰੇ ਜਾਣਕਾਰੀ ਸਾਨੂੰ ਅਗਾਂਹ ਮਿਲੇਗੀ ਅਜੇ ਇਸ ਬਾਰੇ ਵਿਗੋਪਨ ਰੋਕ ਲਿਆ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

> ਹੁਣ ਸੁਣਿਐ ਕਿ ਕਾਮਰੇਡ ਦਾ ਮੁੰਡਾ ਉਹਦੇ ਨਾਲ ਤੱਤਾ ਠੰਡਾ ਹੁੰਦੈ ਰਹਿੰਦੈ, ਸਿਧਾਂਤ ਤੋਂ ਭਟਕਿਆ ਦੱਸਦੈ ਉਹਨੂੰ । ਉਹ ਤਾਂ ਕਾਮਰੇਡ ਦੇ ਜ਼ੋਰ ਲੌਣ 'ਤੇ ਵੀ ਸੈਹਬ ਜੀਆਂ ਦੇ ਚਰਨੀਂ ਲੱਗਣ ਨਈਂ ਆਉਂਦਾ । ਹਾਲਾਂਕਿ ਮੈਂ ਉਸਨੂੰ ਮਿਲਣਾ ਚਾਹੁੰਦੀਆਂ ਪਰ ਉਹ ਮੂੰਹ ਨਈਂ ਕਰਦਾ ਗੁਰੂ ਘਰ ਵੱਲ ... ।[13]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਕਾਮਰੇਡ ਦੇ ਮੁੰਡੇ ਬਾਰੇ ਵਿਗੋਪਤ ਕੀਤੀ ਉਪਰੋਕਤ ਜਾਣਕਾਰੀ ਕਹਾਣੀ ਦੀਆਂ ਗੁੱਝੀਆਂ ਰਮਜਾਂ ਨੂੰ ਲੁਕੋਂਦੀ ਹੋਈ ਪਾਠਕ ਦੇ ਮਨ ਅੰਦਰ ਕਈ ਤਰ੍ਹਾਂ ਦੇ ਸਵਾਲ ਉਤਪੰਨ ਕਰਦੀ ਹੈ -

- ਕਾਮਰੇਡ ਦਾ ਮੁੰਡਾ ਕੌਣ ਹੈ, ਉਸਦਾ ਨਾਮ ਥਾ ਟਿਕਾਣਾ ਕੀ ਹੈ ?
- ਉਹ ਕਾਮਰੇਡ ਨਾਲ ਤੱਤਾ ਠੰਡਾ ਕਿਉਂ ਹੁੰਦਾ ਰਹਿੰਦਾ ਹੈ ?
- ਉਹ ਗੁਰੂ ਘਰ ਕਿਉਂ ਨਹੀਂ ਆਉਂਦਾ ?

- ਨਿੱਕੇ ਬੀਬੀ ਸੈਹਬਾਂ ਉਸਨੂੰ ਕਿਉਂ ਮਿਲਣਾ ਚਾਹੁੰਦੀ ਹੈ ?

ਸਾਨੂੰ ਕਾਮਰੇਡ ਦੇ ਮੁੰਡੇ ਬਾਰੇ ਜਾਣਕਾਰੀ ਹੌਲੀ ਹੌਲੀ ਬਿਖਰੀਆਂ ਟੁਕੜੀਆਂ ਵਿੱਚ 'ਵਿਲੰਬਤ ਵਿਗੋਪਨ' ਵਜੋਂ ਮਿਲੇਗੀ ਇਸ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ । ਇਸ ਤੋਂ ਅਗਾਂਹ ਕਹਾਣੀਕਾਰ ਪਿੱਛਲਝਾਤ ਦੀ ਜੁਗਤ ਰਾਹੀਂ ਨਿੱਕੇ ਬੀਬੀ ਸੈਹਬਾ ਦੇ ਗੁਰੂ ਘਰ ਪਹੁੰਚਣ ਦੇ ਕਾਰਨਾਂ ਨੂੰ ਵਿਗੋਪਤ ਕਰਦਾ ਹੋਇਆ ਵਰਤਮਾਨ ਤੋਂ ਅਤੀਤ ਵੱਲ ਕਹਾਣੀ ਨੂੰ ਤੋਰਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

- ਨਿੱਕੇ ਬੀਬੀ ਸੈਹਬਾ ਦਾ ਸੈਹਬ ਜੀਆਂ ਦੇ ਛੋਟੇ ਭਰਾ ਨੂੰ ਮੰਗੀ ਹੋਣਾ,
- ਸੈਹਬ ਜੀਆਂ ਦੇ ਛੋਟੇ ਭਰਾ ਦੀ ਐਕਸੀਡੈਂਟ ਵਿੱਚ ਮੌਤ ਹੋਣਾ,
- ਨਿੱਕੇ ਬੀਬੀ ਸੈਹਬਾ ਦੇ ਮੰਗੇਤਰ ਦੀ ਮੌਤ ਤੋਂ ਬਾਅਦ ਉਸਦੇ ਮਾਂ-ਪਿਓ ਵਲੋਂ ਅਮਰੀਕਾ ਵਸ ਜਾਣ ਦੇ ਲਾਲਚ ਵਸ ਉਸਨੂੰ ਸੈਹਬ ਜੀਆਂ ਨੂੰ ਸੌਪਣਾ,

ਨਿੱਕੇ ਬੀਬੀ ਸੈਹਬਾ ਦੇ ਡੇਰੇ ਵਿੱਚ ਪਹੁੰਚਣ ਦੇ ਉਪਰੋਕਤ ਮੋਟਿਫ਼ਾਂ ਨੂੰ ਅਸੀਂ ਮੋਟਿਫ਼ ਕੰਨਫ਼ਿਗੁਰੇਸ਼ਨ ਅਧੀਨ ਵਿਚਾਰ ਸਕਦੇ ਹਾਂ । ਇਸ ਇਕਾਈ ਦੇ ਅੰਤਰਗਤ ਦੋ ਜਾਂ ਦੋ ਤੋਂ ਵਧੇਰੇ ਮੋਟਿਫ਼ਾਂ ਦਾ ਅਜਿਹਾ ਸੰਗਠਨ ਹੁੰਦਾ ਹੈ ਜਿਸ ਵਿਚ ਇਕੋ ਹੀ ਭਾਵ ਨਾਲ ਸੰਬੰਧਿਤ ਭਿੰਨ ਭਿੰਨ ਮੋਟਿਫ਼ ਜੁੜੇ ਹੁੰਦੇ ਹਨ ਅਤੇ ਉਹ ਮਿਲ ਕੇ ਦਰਜੇਵਾਰ ਇਕ ਵਿਸ਼ੇਸ਼ ਰੂਪ-ਪ੍ਰਬੰਧ ਸਿਰਜਦੇ ਹਨ ।[14] ਉਪਰੋਕਤ ਮੋਟਿਫ਼ ਇਕਾਈਆਂ ਦੀ ਮੂਲ ਭਾਵਨਾ ਨਿੱਕੇ ਬੀਬੀ ਸੈਹਬਾ ਦੇ ਗੁਰੂ ਘਰ ਪਹੁੰਚਣ ਦੇ ਕਾਰਨਾਂ ਨਾਲ ਸੰਬੰਧਿਤ ਹੈ । ਜੋ ਮਿਲ ਕੇ ਦਰਜੇਵਾਰ ਰੂਪ-ਪ੍ਰਬੰਧ ਸਿਰਜਦੇ ਹਨ। ਉਪਰੋਕਤ ਮੋਟਿਫ਼ ਕਹਾਣੀ-ਸੰਗਠਨ ਵਿੱਚ ਸਿੱਧਾ ਤੇ ਮਹੱਤਵਪੂਰਨ ਰੋਲ ਨਿਭਾਉਂਦੇ ਹੋਏ ਰਚਨਾਤਮਕ ਲੋੜ ਦੀ ਪੂਰਤੀ ਹਿੱਤ ਸਮੁੱਚੇ ਕਹਾਣੀ ਬਿਰਤਾਂਤ ਦੀ ਦਿਸ਼ਾ ਨਿਰਧਾਰਿਤ ਕਰਦੇ ਹੋਏ ਵਿਕਾਸ ਕਰਦੇ ਹਨ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

> ਸੈਹਬ ਜੀਆਂ ਦੀ ਸਕੀ ਘਰਵਾਲੀ, ਇੱਕੋ ਇੱਕ ਧੀ ਨਾਲ ਅਮਰੀਕਾ ਵੱਸਦੀ ਸੀ,
> ਬੜੀ ਦੇਰ ਤੋਂ, [15]

ਉਪਰੋਕਤ ਮੋਟਿਫ਼ ਪਾਠਕ ਦੇ ਮਨ ਅੰਦਰ ਸਵਾਲ ਪੈਦਾ ਕਰਦੇ ਹਨ ਕਿ ਸੈਹਬ ਜੀਆਂ ਦੀ ਸਕੀ ਘਰਵਾਲੀ ਆਪਣੀ ਧੀ ਨੂੰ ਲੈ ਕੇ ਅਮਰੀਕਾ ਕਿਉਂ ਵਸਦੀ ਹੈ ? ਇਸ ਬਾਰੇ ਜਾਣਕਾਰੀ ਅਜੇ ਰੋਕ ਲਈ ਹੈ, ਇਸ ਬਾਰੇ ਸਾਨੂੰ ਅਗਾਂਹ ਪਤਾ ਲੱਗੇਗਾ, ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ-

- ਨਿੱਕੇ ਬੀਬੀ ਸੈਹਬਾ ਦੀ ਸੈਹਬ ਜੀਆਂ ਦੇ ਮਹਿਲਾਂ ਵਿੱਚ ਚੰਗੀ ਖਾਤਰ ਹੋਣਾ,
- ਡੇਰੇ ਅੰਦਰ ਰਹਿਣ ਵਾਲੀਆਂ ਮਾਈਆਂ ਬੀਬੀਆਂ ਵਲੋਂ ਨਿੱਕੇ ਬੀਬੀ ਸੈਹਬਾ ਨੂੰ ਬੜੀ ਰੀਝ ਨਾਲ ਸਜਾਉਣਾ, ਕੁਝ ਸਮਝਾਉਣਾ, ਕੁਝ ਸਿਖਾਉਣਾ ਕਿ, ਸੈਹਬ ਜੀ ਆਉਣ ਤਾਂ ਉਠਕੇ

ਖੜ੍ਹ ਜਾਣੈ, ਨੀਵੀਂ ਪਾਕੇ ... ਬੋਲਣਾ ਤਾਂ ਕੀ, ਉੱਚੀ ਸਾਹ ਵੀ ਨਹੀਂ ਲੈਣਾ ... ਬਰਾਬਰ ਨਹੀਂ ਬੈਠਣਾ ... ।[16]

- 'ਪਿੱਛਲਝਾਤ' ਦੀ ਜੁਗਤ ਵਜੋਂ ਨਿੱਕੇ ਬੀਬੀ ਸੈਹਬਾ ਨੂੰ ਆਪਣੀ ਮਾਂ ਵਲੋਂ ਮੱਤਾਂ ਦੇਣ ਦੇ ਮੋਟਿਫ਼ ਯਾਦ ਆਉਣਾ,
- ਨਿੱਕੇ ਬੀਬੀ ਸੈਹਬਾ ਨੂੰ ਮਾਈਆਂ ਬੀਬੀਆਂ ਦੀਆਂ ਗੱਲਾਂ ਸ਼ੱਕੀ ਜਿਹੀਆਂ ਲੱਗਣੀਆਂ,
- ਸੈਹਬ ਜੀਆਂ ਦਾ ਕਮਰੇ ਵਿੱਚ ਆਉਣਾ,
- ਚਾਂਦੀ ਦੀ ਟਰੇਅ ਵਿੱਚ ਸੋਹਣੇ ਦੋ ਗਲਾਸਾਂ ਵਿੱਚ ਦੁੱਧ ਪੱਤੀ ਆਉਣਾ,
- ਸੈਹਬ ਜੀਆਂ ਵਲੋਂ ਮਾਈਆਂ ਬੀਬੀਆਂ ਨੂੰ ਕਮਰੇ ਵਿੱਚੋਂ ਜਾਣ ਲਈ ਗੰਦੀਆਂ ਗਾਲ੍ਹਾਂ ਕੱਢਣਾ,
- ਸੈਹਬ ਜੀਆਂ ਵਲੋਂ ਨਿੱਕੇ ਬੀਬੀ ਸੈਹਬਾ ਨੂੰ ਕਮਰੇ ਵਿੱਚ ਰਹਿਣ ਲਈ ਕਹਿਣਾ,

ਇਸ ਤਰ੍ਹਾਂ ਦੇ ਸੰਕੇਤਕ ਮੋਟਿਫ਼ ਸਿਰਜ ਕੇ ਕਹਾਣੀਕਾਰ ਅਗਾਂਹ ਵਾਪਰਨ ਵਾਲੀ ਘਟਨਾ ਨੂੰ ਲਟਕਾ ਰਿਹਾ ਹੈ, ਉਪਰੋਕਤ ਮੋਟਿਫ਼ ਪ੍ਰਗਟਾਓ/ਲੁਕਾਓ ਦੀ ਪੱਧਰ ਤੇ ਵਿਚਰਦੇ ਹੋਏ ਵਿਕਾਸ ਕਰਦੇ ਹਨ ਅਰਥਾਤ ਕੁਝ ਵਾਪਰਦਾ ਹੈ, ਪਰ ਉਸ ਨੂੰ ਲੁਕਾਇਆ ਜਾਂਦਾ ਹੈ । ਇਸ ਤਰ੍ਹਾਂ ਉਪਰੋਕਤ ਪੇਸ਼ ਹੋਏ 'ਸੰਕੇਤਕ ਮੋਟਿਫ਼' ਕਹਾਣੀ ਬਿਰਤਾਂਤ ਦੀ ਕੇਂਦਰੀ ਘਟਨਾ ਨੂੰ ਸੰਕੇਤਕ ਤੌਰ ਉੱਤੇ ਆਸੇ ਪਾਸੇ ਖਿਲਾਰਦੇ ਹੋਏ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ । ਇਸ ਤੋਂ ਅਗਾਂਹ ਕਹਾਣੀਕਾਰ ਨੇ ਕਹਾਣੀ ਬਿਰਤਾਂਤ ਵਿੱਚ ਤਣੇ ਹੋਏ ਖ਼ੌਫ਼ਨਾਕ ਮਾਹੌਲ ਨੂੰ ਥੋੜ੍ਹਾ ਠਰ੍ਹੰਮਾ ਦੇਣ ਲਈ, ਪਿੱਛਲਝਾਤ ਦੀ ਜੁਗਤ ਰਾਹੀਂ ਵਰਤਮਾਨ ਤੋਂ ਅਤੀਤ ਵੱਲ ਕਹਾਣੀ ਨੂੰ ਤੋਰਿਆ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

- ਚਾਹ ਠੰਡੀ ਹੋਣ ਦੇ ਮੋਟਿਫ਼ਾਂ ਨਾਲ ਜੁੜੇ ਵੇਰਵੇ,
- ਪਿੱਛਲਝਾਤ ਵਜੋਂ ਪੇਸ਼ ਹੋਇਆ ਫੀਮ ਦਾ ਮੋਟਿਫ਼,
- ਸੈਹਬ ਜੀਆਂ ਵਲੋਂ ਨਿੱਕੇ ਬੀਬੀ ਸੈਹਬਾ ਬਾਰੇ ਪਿੱਛਲੇ ਸਭ ਕੁਝ ਪਤਾ ਕਰਨ ਦੇ ਮੋਟਿਫ਼,
- ਨਿੱਕੇ ਬੀਬੀ ਸੈਹਬਾ ਨੂੰ ਆਪਣੇ ਪਾਪਾ ਦੀ ਯਾਦ ਆਉਣ ਦੇ ਮੋਟਿਫ਼,
- ਨਿੱਕੇ ਬੀਬੀ ਸੈਹਬਾ ਵਲੋਂ ਠਰਕੀ ਪ੍ਰੋਫ਼ੈਸਰ ਨੂੰ ਸਿੱਧਾ ਕਰਨ ਦੀ ਘਟਨਾ ਯਾਦ ਆਉਣ ਦੇ ਮੋਟਿਫ਼

ਕਹਾਣੀ ਵਿਚ ਪੇਸ਼ ਹੋਏ ਉਪਰੋਕਤ ਮੋਟਿਫ਼ਾਂ ਨੂੰ ਅਸੀਂ ਖੁੱਲ੍ਹੇ ਮੋਟਿਫ਼ਾਂ ਵਜੋਂ ਵਿਚਾਰ ਸਕਦੇ ਹਾਂ । ਕਿਸੇ ਵੀ ਪਲਾਟ ਦਾ ਸਾਰੰਸ਼ ਪੇਸ਼ ਕਰਨ ਲੱਗਿਆਂ ਪਤਾ ਲੱਗ ਜਾਂਦਾ ਹੈ ਕਿ ਕੁਝ 'ਮੋਟਿਫ਼' ਪਲਾਟ ਵਿਚ ਖਾਰਜ

ਕਰ ਦਿੱਤੇ ਜਾਣ ਤਾਂ ਵੀ ਉਸ ਦੇ ਸੰਗਠਨ ਉਪਰ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ,[17] ਇਹੋ ਜਿਹੇ ਮੋਟਿਫ਼ਾਂ ਨੂੰ ਖੁੱਲ੍ਹੇ ਮੋਟਿਫ਼ਾਂ ਦਾ ਨਾਮ ਦਿੱਤਾ ਜਾ ਸਕਦਾ ਹੈ । ਇਹ ਖੁੱਲ੍ਹੇ ਮੋਟਿਫ਼ ਹਨ ਜੋ ਕਹਾਣੀ-ਬਿਰਤਾਂਤ ਵਿੱਚੋਂ ਸਹਿਜੇ ਹੀ ਛਾਂਗੇ ਜਾ ਸਕਦੇ ਹਨ, ਜਿਨ੍ਹਾਂ ਨੂੰ ਕਹਾਣੀ ਵਿੱਚੋਂ ਖਾਰਜ ਕਰਨ ਨਾਲ ਕਹਾਣੀ ਸੰਗਠਨ ਉੱਪਰ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ । ਇਸ ਤੋਂ ਅਗਾਂਹ ਕਹਾਣੀਕਾਰ ਅਤੀਤ ਵਿੱਚ ਵਿਚਰਦੀ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ ਗਤੀਸ਼ੀਲ ਮੋਟਿਫ਼ਾਂ ਦੇ ਅੰਤਰਗਤ ਇਸ ਤਰ੍ਹਾਂ ਦਾ ਮਾਹੌਲ ਫਿਰ ਤੋਂ ਪੈਦਾ ਕਰਦਾ ਹੈ ਜੋ ਸੰਕੇਤਕ ਤੌਰ ਉੱਤੇ ਸੈਹਬ ਜੀ ਵਲੋਂ ਨਿੱਕੇ ਬੀਬੀ ਸੈਹਬਾ ਨਾਲ ਜ਼ਬਰਦਸਤੀ ਰੇਪ ਕਰਨ ਦੇ ਪ੍ਰਭਾਵ ਨੂੰ ਸਿਰਜਦਾ ਹੈ, ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

- ਨਿੱਕੇ ਬੀਬੀ ਸੈਹਬਾ ਵਲੋਂ ਉੱਚੀ ਉੱਚੀ ਧਾਹਾਂ ਮਾਰਨ ਦੇ ਮੋਟਿਫ਼
- ਸੈਹਬ ਜੀਆਂ ਵਲੋਂ ਘਬਰਾ ਕੇ ਮਾਈਆਂ ਬੀਬੀਆਂ ਨੂੰ ਸੱਦਣ ਦੇ ਮੋਟਿਫ਼
- ਮਾਈਆਂ ਬੀਬੀਆਂ ਵਲੋਂ ਨਿੱਕੇ ਬੀਬੀ ਸੈਹਬਾ ਨੂੰ ਦਿਲ ਧਰਾਉਣ ਲਈ ਦਿਲਾਸੇ ਦੇਣ ਦੇ ਮੋਟਿਫ਼
- ਸੈਹਬ ਜੀਆਂ ਵਲੋਂ ਡਰਾਉਣੀ ਸ਼ਕਲ ਵਾਲੀਆਂ ਹੱਟੀਆਂ ਕੱਟੀਆਂ ਚੁੜੇਲਾਂ ਕੰਮੋ ਅਤੇ ਬਿੰਬੋ ਨੂੰ ਕਮਰੇ ਅੰਦਰ ਬੁਲਾਉਣ ਦੇ ਮੋਟਿਫ਼
- ਬਿੰਬੋ ਵਲੋਂ ਨਿੱਕੇ ਬੀਬੀ ਸੈਹਬਾਂ ਨੂੰ ਬੈੱਡ ਵੱਲ ਧੱਕਾ ਮਾਰਨਾ ਅਤੇ ਕੰਮੋ ਵੱਲੋਂ ਕਮਰਾ ਬੰਦ ਕਰਨ ਦੇ ਮੋਟਿਫ਼,
- ਨਿੱਕੇ ਬੀਬੀ ਸੈਹਬਾ ਵਲੋਂ ਬੈੱਡ ਤੇ ਮੂਧੇ ਮੂੰਹ ਪੈ ਕੇ ਰੋਣ ਅਤੇ ਬਿੰਬੋ ਕੰਮੋ ਵਲੋਂ ਢਾਕਾਂ ਉੱਤੇ ਹੱਥ ਰੱਖ ਕੇ ਉਸ ਦੇ ਸਰਾਣੇ ਖੜਣ ਦੇ ਮੋਟਿਫ਼,
- ਸੈਹਬ ਜੀਆਂ ਵਲੋਂ ਨਿੱਕੇ ਬੀਬੀ ਸੈਹਬਾ ਨੂੰ ਨਰਮੀ ਨਾਲ ਸਮਝਾਉਣ ਦੇ ਮੋਟਿਫ਼ ਕਿ, '' ਹੇਖਾਂ ਭੈਣ ਚੋ, ਸਿਆਣੀ ਬਿਆਣੀ ਹੋ ਕੇ ਚੰਗਾ ਜਲੂਸ ਕੱਢਿਆ ਤੂੰ, ਮੇਰਾ ਨਾਲੇ ਆਪਣਾ, ਕਿੰਨਾ ਸਮਝਾਇਆ ਭੈਣ ਚੋ ... ''ਮੈਂ ਭੈਣ ਚੋ ਤੇਰੇ ਨਾਲ ਧੱਕਾ ਨੀ ਕਰਨਾ ਚਾਹੁੰਦਾ ਪਰ ਤੂੰ ਭੈਣ ਚੋ, ਮੇਰੀ 'ਪੁਜੀਸ਼ਨ' ਵੀ ਦੇਖ ... ਏਥੇ ਭੈਣ ਚੋ ਸਾਰੀ ਦੁਨੀਆ ਥੱਲੇ ਪੈਣ ਨੂੰ ਫਿਰਦੀ ਐ ਤੇਰੀ ਭੈਣ ਚੋ ਮੱਤ ਮਾਰੀ ਗਈ ਐ ...।''[18]
- ਬਿੰਬੋ ਵਲੋਂ ਨਿੱਕੇ ਬੀਬੀ ਸੈਹਬਾ ਦਾ ਸਿਰ ਦੱਬਣਾ ਅਤੇ ਆਵਾਜ਼ ਬਾਹਰ ਜਾਣ ਤੋਂ ਰੋਕਣ ਲਈ ਉਸਦਾ ਮੂੰਹ ਬਿਸਤਰੇ ਵਿੱਚ ਘਸੋਣ ਦੇ ਮੋਟਿਫ਼

- ਨਿੱਕੇ ਬੀਬੀ ਸੈਹਬਾ ਵਲੋਂ ਗੁੱਸੇ ਵਿੱਚ ਉਠ ਕੇ ਬਿੰਬੋ ਦੇ ਮੂੰਹ ਤੇ ਤਿੰਨ ਚਾਰ ਚਪੇੜਾਂ ਮਾਰਨਾ ਅਤੇ ਕੰਮੋ ਦੀ ਛਾਤੀ ਵਿੱਚ ਦੋਵੇਂ ਹੱਥ ਜੋੜ ਕੇ ਮਾਰਨਾ, ਗਾਲ੍ਹਾਂ ਕੱਢਣਾ,

ਉਪਰੋਕਤ 'ਗਤੀਸ਼ੀਲ ਮੋਟਿਫ਼' ਕਹਾਣੀ ਦੀ ਬਿਰਤਾਂਤਕ ਤੋਰ ਨੂੰ ਅਗਾਂਹ ਤੋਰਦੇ ਹੋਏ ਸੰਕੇਤਕ ਤੌਰ ਉੱਤੇ ਸੈਹਬਾਂ ਜੀਆਂ ਵਲੋਂ ਨਿੱਕੇ ਬੀਬੀ ਸੈਹਬਾ ਨਾਲ ਜ਼ਬਰਦਸਤੀ ਰੇਪ ਕਰਨ ਦੀ ਘਟਨਾ ਨੂੰ ਮਠਾਰ ਕੇ ਪੇਸ਼ ਕਰਨ ਦੀ ਵਿਧੀ ਵਜੋਂ ਪੇਸ਼ ਹੋ ਰਹੇ ਹਨ । ਇਸ ਤੋਂ ਬਾਅਦ ਸੈਹਬ ਜੀਆਂ ਦੇ ਇਹ ਬੋਲ –

> ''ਤੂੰ ਭੈਣ ਚੋ ਕਮਾਲ ਕਰਤੀ, ਹੈਂ ਬਈ, ਮੈਂ ਭੈਣ ਚੋ ਐਂ ਈ ਚਾਹੁੰਦਾ ਸੀ ... ਤੂੰ ਸਾਂਭ ਲਏਂਗੀ ਗੁਰੂ ਘਰ, ਪਹਿਲੀ ਤਾਂ ਭੈਣ ਚੋ ਏਹਨਾਂ ਤੋਂ ਡਰਦੀ, ਧੀ ਨੂੰ ਲੈ ਕੇ ਅਮਰੀਕਾ ਜਾ ਬੈਠੀ ... ਪਰ ਤੂੰ ... ਸੁਆਦ ਆ ਗਿਆ ਭੈਣ ਚੋ ... ।''[19]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤਮਾਨ ਅਤੇ ਅਤੀਤ ਕਾਲਕ ਵੇਰਵਿਆਂ ਨੂੰ ਇਕੋ ਸਮੇਂ ਪੇਸ਼ ਕਰਦੇ ਉਪਰੋਕਤ ਮੋਟਿਫ਼ ਜਿੱਥੇ ਅੱਗਲਝਾਤ ਦੀ ਵਿਧੀ ਵਜੋਂ ਗੁਰੂਘਰ/ਡੇਰੇ ਨੂੰ ਸਾਂਭਣ ਲਈ ਧੱਕੇ ਦੀ ਲੋੜ ਨੂੰ ਪੇਸ਼ ਕਰਦੇ ਹੋਏ ਇਹ ਜਾਣਕਾਰੀ ਦਿੰਦੇ ਹਨ ਕਿ ਇਸ ਤੋਂ ਅਗਾਂਹ ਕਹਾਣੀ ਵਿੱਚ ਨਿੱਕੇ ਬੀਬੀ ਸੈਹਬਾ ਨੇ ਹੀ ਗੁਰੂ ਘਰ ਨੂੰ ਸਾਂਭਣਾ ਹੈ ਕਿਉਂਕਿ ਉਸ ਕੋਲ ਉਹ ਤਾਕਤ ਹੈ ਜੋ ਡੇਰਿਆਂ ਨੂੰ ਸਾਂਭਣ ਲਈ ਅਤੀ ਜ਼ਰੂਰੀ ਹੈ । ਉਥੇ ਉਪਰੋਕਤ ਮੋਟਿਫ਼ ਪਿੱਛਲਝਾਤ ਦੀ ਜੁਗਤ ਵਜੋਂ ਸੈਹਬ ਜੀਆਂ ਦੀ ਪਤਨੀ ਅਤੇ ਉਨ੍ਹਾਂ ਦੀ ਧੀ ਦੇ ਅਮਰੀਕਾ ਰਹਿਣ ਦੇ ਕਾਰਨਾਂ ਨੂੰ ਵਿਗੋਪਤ ਵੀ ਕਰਦੇ ਹਨ ਕਿ ਸੈਹਬ ਜੀਆਂ ਦੀ ਘਰਵਾਲੀ ਆਪਣੀ ਧੀ ਨਾਲ ਅਮਰੀਕਾ ਡੇਰੇ ਅੰਦਰਲੀਆਂ ਕੰਮੋ ਬਿੰਬੋ ਵਰਗੀਆਂ ਮਾਈਆਂ ਤੋਂ ਡਰਦੀ ਹੋਈ ਰਹਿੰਦੀ ਹੈ । ਇਸ ਤੋਂ ਅੱਗੇ ਸੈਹਬ ਜੀਆਂ ਦੀ ਵਾਰਤਾਲਾਪ ਦੇ 'ਗਤੀਸ਼ੀਲ ਮੋਟਿਫ਼' ਡੇਰੇ ਦੇ ਅੰਦਰਲੇ ਮਾਹੌਲ ਨੂੰ ਪੇਸ਼ ਕਰਦੇ ਹਨ ਕਿ ਡੇਰੇ ਦੇ ਅੰਦਰ ਕੰਮੋ ਬਿੰਬੋ ਵਰਗੀਆਂ ਮਾਈਆਂ ਬੀਬੀਆਂ, ਗੰਨਮੈਨ, ਸੇਵਕ ਹਰ ਵੇਲੇ ਸੈਹਬ ਜੀਆਂ ਦੀ ਮੱਦਦ ਲਈ ਤਿਆਰ ਰਹਿੰਦੇ ਹਨ ਪਰ ਉਹਨਾਂ ਨੂੰ ਸੈਹਬ ਜੀਆਂ ਦੇ ਮਹਿਲਾਂ ਵਿੱਚ ਆਉਣ ਦੀ ਆਗਿਆ ਨਹੀਂ, ਮਹਿਲਾਂ ਵਿੱਚ ਸੈਹਬ ਜੀ ਜਾਂ ਉਹਨਾਂ ਦਾ ਕੋਈ ਖ਼ਾਸਮਖ਼ਾਸ ਹੀ ਜਾ ਸਕਦਾ ਹੈ। ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

> ''ਤੁਸੀਂ ਜਿੱਦਾਂ ਮੈਨੂੰ ਨੋਚਣਾ ਚਾਹੁੰਦੇ ਹੋ ਨੱਚ ਲਓ ਓਦਾਂ ਹੀ'', ਮੈਂ ਮਨ ਵਿੱਚ ਹੀ ਕਿਹਾ ਤੇ ਸੋਚਣ ਲੱਗੀ ਕਿ ਹੁਣ ਕੀ ਹੋਊ ? ਕੀ ਵਾਪਰੂ ਮੇਰੇ ਨਾਲ ?[20]

ਨਿੱਕੇ ਬੀਬੀ ਸੈਹਬਾ ਦੇ ਮਨੋਸੰਗਠਨ ਨੂੰ ਉਜਾਗਰ ਕਰਦੇ ਉਪਰੋਕਤ ਸੰਕੇਤਕ ਮੋਟਿਫ਼ 'ਮਰਦੀ ਨੂੰ ਅੱਕ ਚੱਬਣਾ ਹੀ ਪਊ' ਦੀ ਉਕਤੀ ਨੂੰ ਸੱਚ ਕਰਦੇ ਹੋਏ ਕਹਾਣੀ ਦੀ ਕੇਂਦਰੀ ਘਟਨਾ ਵੱਲ ਸੰਕੇਤ ਕਰਦੇ ਹਨ ਜਿਸ ਨੂੰ ਕਹਾਣੀਕਾਰ ਹੁਣ ਤਕ ਮਠਾਰਦਾ ਆ ਰਿਹਾ ਹੈ । ਇਸ ਤੋਂ ਬਾਅਦ ਸੈਹਬ ਜੀਆਂ ਦੀ ਉਦਾਸੀ

ਨਾਲ ਸੰਬੰਧਤ 'ਗਤੀਹੀਨ ਮੋਟਿਫ਼' ਨਿੱਕੇ ਬੀਬੀ ਸੈਹਬਾ ਨੂੰ ਸੈਕਸ ਕਰਨ ਲਈ ਮਜ਼ਬੂਰ ਕਰਦੇ ਹੋਏ ਕਹਾਣੀ ਦੀ ਕੇਂਦਰੀ ਘਟਨਾ ਨੂੰ ਬਿਆਨ ਕਰਨ ਵਾਲੇ ਗਤੀਸ਼ੀਲ ਮੋਟਿਫ਼ਾਂ ਦੀ ਦਿਸ਼ਾ ਨਿਰਧਾਰਿਤ ਕਰਦੇ ਹਨ, ਜਿਸ ਤਰ੍ਹਾਂ ਅਸੀਂ ਕਹਾਣੀ-ਬਿਰਤਾਂਤ ਵਿੱਚ ਦੇਖਦੇ ਹਾਂ –

- ... ਮੈਂ, ਨਫ਼ਰਤ ਨਾਲ ਥੁੱਕ ਅੰਦਰ ਲੰਘੌਂਦਿਆਂ ਕੁੱਛ ਕੈਹਣਾਂ ਚਾਹਿਆ, ਪਰ ਕੁੱਛ ਨਾ ਕਹਿ ਹੋਇਆ,
- ਨਾ ਹੀ ਕੋਈ ਵਿਰੋਧ ਕਰ ਹੋਇਆ,
- ਸੈਹਬ ਜੀ ਨੇ ਮੈਨੂੰ ਬੈੱਡ ਤੇ ਬਠਾਇਆ, ਮੈਂ ਬੈਠ ਗਈ,
- ਲਟਾਇਆ ਮੈਂ ਲੇਟ ਗਈ, [21]

ਉਪਰੋਕਤ ਮੋਟਿਫ਼ ਸਮਾਨ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ ਹਨ । ਰਚਨਾ ਵਿਚਲੇ ਮੋਟਿਫ਼ ਉਦੋਂ ਸਮਾਨ ਪ੍ਰਕਿਰਤੀ ਵਾਲੇ ਅਖਵਾਉਂਦੇ ਹਨ ਜਦੋਂ ਕਾਰਜਾਂ ਦਾ ਪ੍ਰਭਾਵ ਸਮਾਨ ਪਵੇ [22]

ਉਪਰੋਕਤ ਮੋਟਿਫ਼ ਨਿੱਕੇ ਬੀਬੀ ਸੈਹਬਾ ਵਲੋਂ ਸੈਹਬ ਜੀਆਂ ਦੀ ਗੱਲ ਮੰਨਣ ਦੇ ਸਮਾਨ ਪ੍ਰਭਾਵ ਨੂੰ ਸਿਰਜਦੇ ਹਨ । ਇਸ ਤੋਂ ਬਾਅਦ ਕਹਾਣੀ ਵਿੱਚ ਕੇਂਦਰੀ ਪਾਤਰ ਨਾਲ ਸਾਧ ਵਲੋਂ ਰੇਪ ਕਰਨ ਦੀ ਕੇਂਦਰੀ ਘਟਨਾ ਨੂੰ ਪੇਸ਼ ਕਰ ਦਿੱਤਾ ਹੈ ਜਿਸ ਨੂੰ ਕਹਾਣੀਕਾਰ ਹੁਣ ਤਕ ਮਠਾਰਦਾ ਆਇਆ ਹੈ, ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ਮੈਂ ਦੰਦਾਂ ਥੱਲੇ ਜੀਭ ਘੁੱਟ ਲਈ, ਘੁੱਟਕੇ ਅੱਖਾਂ ਮੀਟ ਲਈਆਂ, ਮੈਂ ਤਾਂ ਅੱਜ ਤਕ ਕਿਸੇ ਸਾਹਮਣੇ ਕੱਪੜੇ ਨਹੀਂ ਸਨ ਬਦਲੇ, ਕਿਸੇ ਸਹੇਲੀ ਸਾਹਮਣੇ ਵੀ ਨਹੀਂ ... । ਵਰ੍ਹਿਆਂ ਤੋਂ ਸਾਂਭ ਸਾਂਭ ਰੱਖੀ ਇੱਜ਼ਤ ਤੂੰਬਾ ਤੂੰਬਾ ਹੋਣ ਲੱਗੀ ... ਸੈਹਬ ਜੀ ਮੈਨੂੰ ਸੱਚਮੁੱਚ ਹੀ ਨੋਚ ਰਹੇ ਸਨ ... ਦਰਿੰਦੇ ਵਾਂਗੂੰ ... ਗਾਲ੍ਹਾਂ ਬੱਕਦੇ ... ਦੰਦੀਆਂ ਵੱਢਦੇ ... ਘਰੂਟ ਭਰਦੇ ... ਮਸਲਦੇ, ਓਹ ਮੈਨੂੰ ਸਾਰੇ ਪਾਸਿਆਂ ਤੋਂ ਪੀੜ ਨਾਲ ਪਰੁੰਨ ਰਹੇ ਸਨ ... ਦਰਦ ਐਨਾ ਕਿ ਪੱਥਰ ਵੀ ਰੋ ਪਵੇ ।[23]

ਬਲਾਤਕਾਰ ਕਰਨ ਦੇ ਉਪਰੋਕਤ ਮੋਟਿਫ਼ 'ਬੱਝੇ ਮੋਟਿਫ਼ਾਂ' ਦੇ ਅੰਤਰਗਤ ਗਤੀਸ਼ੀਲ ਮੋਟਿਫ਼ਾਂ ਵਾਂਗ ਵਿਕਾਸ ਕਰਦੇ ਹੋਏ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ ਹਨ, ਕਿਉਂਕਿ ਇਸ ਤੋਂ ਅੱਗੇ ਕਹਾਣੀ ਕੇਂਦਰੀ ਪਾਤਰ ਨਿੱਕੇ ਬੀਬੀ ਸੈਹਬਾ ਦੇ ਰੇਪ, ਕਮੀਨਗੀ, ਮੱਕਾਰੀ, ਝੂਠ ਅਤੇ ਗਾਲ੍ਹਾਂ ਨੂੰ ਇੰਜੁਆਏ ਕਰਨ ਦੇ ਵਿਰੋਧਨ ਨੂੰ ਸਪੱਸ਼ਟ ਕਰੇਗੀ । ਇਸ ਤੋਂ ਅਗਾਂਹ ਕਹਾਣੀ ਦੀ ਕੇਂਦਰੀ ਪਾਤਰ ਦੇ ਇਹ ਬੋਲ –

> ਪਰ ਓਹ ਰਾਤ ਤੇ ਆਹ ਦਿਨ, ਮੁੜ ਮੈਂ ਨਾ ਅੱਖ ਚੋਂ ਅੱਥਰੂ ਸੁੱਟਿਆ ਨਾ ਸੀਅ ਕੀਤੀ ... ।[24]

ਉਪਰੋਕਤ ਮੋਟਿਫ਼ ਨਿੱਕੇ ਬੀਬੀ ਸੈਹਬਾ ਦੇ ਰੇਪ ਨੂੰ ਇੰਜੁਆਏ ਕਰਨ ਦੇ ਵਿਗੋਪਨ ਨੂੰ ਸਪੱਸ਼ਟ ਕਰਦੇ ਹੋਏ ਕਹਾਣੀ ਬਿਰਤਾਂਤ ਨੂੰ ਅਗਾਂਹ ਵਿਕਾਸ ਕਰਨ ਲਈ ਮੱਦਦ ਕਰਦੇ ਹਨ ਕਿਉਂਕਿ ਵਿਚਾਰਧੀਨ ਕਹਾਣੀ ਇੱਕ ਥੀਮ ਦੀ ਪੇਸ਼ਕਾਰੀ ਨਹੀਂ ਸਗੋਂ ਪਰਤ-ਦਰ-ਪਰਤ ਅਨੇਕਾਂ ਥੀਮਾਂ ਦੀ ਪੇਸ਼ਕਾਰੀ ਹੈ । ਕਹਾਣੀ ਵਿੱਚ ਪੇਸ਼ ਹੋਇਆ 'ਰੇਪ' ਸ਼ਬਦ ਇਕ ਅਰਥ ਦਾ ਧਾਰਨੀ ਨਹੀਂ ਸਗੋਂ ਬਹੁ-ਅਰਥਾਂ ਦਾ ਧਾਰਨੀ ਹੈ । ਕਹਾਣੀ ਬਿਰਤਾਂਤ 'ਰੇਪ' ਸ਼ਬਦ ਨੂੰ ਵਡੇਰੇ ਪਾਸਾਰ ਤੇ ਪ੍ਰਸੰਗ ਦਿੰਦਾ ਹੋਇਆ ਵਿਕਾਸ ਕਰਦਾ ਹੈ । ਇਹ ਪਸਾਰ ਧੱਕੇ ਵਾਲੇ ਹਨ । ਅਰਥਾਤ ਜਿਸ ਕੋਲ ਪਾਵਰ ਹੈ ਉਹ ਰੇਪ ਨੂੰ ਇੰਜੁਆਏ ਕਰਦਾ ਹੈ, ਨਾ ਕਿ ਜਿਸ ਨਾਲ ਰੇਪ ਹੁੰਦਾ ਉਹ ਰੇਪ ਨੂੰ ਇੰਜੁਆਏ ਕਰਦਾ । ਵਿਕ੍ਰਿਤ ਮਾਹੌਲ ਵਿੱਚ ਸੁੱਟ ਦਿੱਤੀ ਗਈ ਕਹਾਣੀ ਦੀ ਕੇਂਦਰੀ ਪਾਤਰ ਨਾਲ ਉਸਦੇ ਪਿਤਾ ਸਮਾਨ ਸਾਧ ਵੱਲੋਂ ਜ਼ਬਰਦਸਤੀ ਰੇਪ ਕਰਨਾ ਸਮਾਜ ਵਿੱਚ ਵਰਜਿਤ ਗ਼ੈਰ-ਸਮਾਜਕ ਕਰਮ ਨੂੰ ਪੇਸ਼ ਕਰਦਾ ਹੈ । ਪਰ ਨਾਇਕਾ ਆਪਣੇ ਹਾਣ ਦੇ ਸੁਮੀਤ ਨਾਲ ਲਿੰਗ-ਸਬੰਧ ਜੋੜ ਕੇ ਹੀ ਸੰਤੁਸ਼ਟ ਹੋ ਸਕਦੀ ਹੈ । ਨਾਇਕਾਂ ਦੀ ਲਿੰਗ-ਅਕਾਂਖਿਆ ਦੀ ਅਤ੍ਰਿਪਤੀ ਕਾਰਨ ਅਤੇ ਆਪਣੇ ਨਾਲ ਹੋਏ ਧੱਕੇ ਕਾਰਨ, ਪੈਦਾ ਹੋਏ ਵਿਦਰੋਹ ਦੀ ਦ੍ਰਿੜ੍ਹਤਾ ਵਿਚੋਂ ਹੀ ਬਦਲੇ ਦੀ ਭਾਵਨਾ ਪ੍ਰਵੇਸ਼ ਕਰਦੀ ਹੈ ਕਿਉਂਕਿ ਕਹਾਣੀ ਦੀ ਕੇਂਦਰੀ ਪਾਤਰ ਪਰੰਪਰਾਗਤ ਅਰਥਾਂ ਦੀ ਧਾਰਨੀ ਨਹੀਂ ਉਹ ਸਾਈਕਾਲੋਜੀ ਵਿੱਚ ਪੀਐੱਚ.ਡੀ. ਕਰ ਰਹੀ ਪੜ੍ਹੀ ਲਿਖੀ ਔਰਤ ਹੈ । ਉਹ ਜਾਣਦੀ ਹੈ ਕਿ ਔਰਤ ਨੂੰ ਆਪਣੀ ਆਜ਼ਾਦੀ ਅਤੇ ਖ਼ੁਸ਼ਹਾਲੀ ਲਈ ਮਰਦ ਪ੍ਰਧਾਨ ਸਮਾਜ ਵਿਰੁੱਧ ਬੋਲਣਾ ਹੀ ਪੈਣਾ ਹੈ । ਜਿਸ ਕਰਕੇ ਕਹਾਣੀ ਦੀ ਕੇਂਦਰੀ ਪਾਤਰ ਨਿੱਕੇ ਬੀਬੀ ਸੈਹਬਾ ਭਾਵਨਾਵਾਂ ਦੇ ਦਮਨ ਵਿੱਚ ਦਫਨ ਹੋਣ ਥਾਂ ਦਮਨਕਾਰੀ ਰੋਲ ਨਿਭਾਉਂਦੀ ਹੋਈ ਸਾਰਾ ਕੁਝ ਇੰਜੁਆਏ ਕਰਨ ਵਾਲੀ ਔਰਤ ਵਜੋਂ ਪੇਸ਼ ਹੁੰਦੀ ਹੋਈ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰੀ ਰੱਖਦੀ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ਾਂ ਵਿੱਚ ਕਾਂਤੀ ਪਾਤਰ ਦਾ ਪ੍ਰਵੇਸ਼ 'ਮੌਕਾ ਮੇਲ' ਦੀ ਜੁਗਤ ਵਜੋਂ ਪੇਸ਼ ਹੁੰਦਾ ਹੋਇਆ ਕਹਾਣੀ ਦੇ ਬਿਰਤਾਂਤਕ ਪਾਸਾਰ ਨੂੰ ਅਗਾਂਹ ਤੋਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ । ਕਾਂਤੀ ਅਤੇ ਨਿੱਕੇ ਬੀਬੀ ਸੈਹਬਾ ਦੀ ਆਪਸੀ ਵਾਰਤਾਲਾਪ ਦੇ 'ਸੰਵਾਦੀ ਮੋਟਿਫ਼' ਉਨ੍ਹਾਂ ਕਾਰਨਾਂ ਨੂੰ ਵਿਗੋਪਤ ਕਰਦੇ ਹਨ ਜਿਨ੍ਹਾਂ ਸਦਕਾ ਔਰਤਾਂ ਡੇਰਿਆਂ ਵਿੱਚ ਪਨਾਹ ਲੈਣ ਲਈ ਆ ਜਾਂਦੀਆਂ ਹਨ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ਮੈਂ ਕਾਂਤੀ ਨੂੰ ਪੁੱਛਿਆ, ''ਏਹ ਔਰਤਾਂ ਏਥੇ ਕਿਵੇਂ ਰਹੀ ਜਾਂਦੀਆਂ ਨੇ, ਏਹਨਾਂ ਦੇ ਘਰਦੇ ਸੌਹਰੇ ਪੇਕੇ ?''

> ''ਬਹੁਤੀਆਂ ਦੇ ਘਰ ਵਾਲੇ ਸ਼ਰਾਬੀ ਕਬਾਬੀ ਨੇ ... ਕਈਆਂ ਦਾ ਦਾਜ ਪਿੱਛੇ ਝਗੜੈ, ਕੋਈ ਵਿਧਵੈ, ਕਿਸੇ ਦਾ ਮੁੰਡਾ ਨਹੀਂ ਹੋਇਆ, ਬੱਸ ਨਈਂ ਬਣੀ ਸੌਹਰਿਆਂ ਨਾਲ ... ਤੇ ਆ ਗਈਆਂ ਗੁਰੂ ਘਰ ... । ਗੁਰੂ ਘਰ ਤੋਂ ਬਿਨਾਂ ਕੌਣ ਪਨਾਹ ਦਿੰਦੈ ਨਿੱਕੇ ਬੀਬੀ ਸੈਹਬਾ ... ਊਂ ਵੀ ਗੁਰੂ ਦੀ ਸੇਵਾ ਭਾਗਾਂ ਨਾਲ ਮਿਲਦੀ ਐ ਸੈਹਬ ਜੀਆਂ ਦੇ ਕੈਹਣ ਵਾਂਗੂੰ ... ਸਾਡੇ ਭਾਗ ਚੰਗੇ ਨੇ ਜੀ ... ।''[25]

ਕਹਾਣੀ ਬਿਰਤਾਂਤ ਨੂੰ ਥੋੜ੍ਹਾ ਠਰੰਮਾ ਦੇਣ ਲਈ ਵਰਤੇ ਗਏ ਉਪਰੋਕਤ 'ਗਤੀਹੀਨ ਮੋਟਿਫ਼' ਦੁਖੀ ਔਰਤਾਂ ਵਲੋਂ ਸੁੱਖ ਪ੍ਰਾਪਤ ਕਰਨ ਲਈ ਧਾਰਮਿਕ ਡੇਰਿਆਂ ਵਿੱਚ ਪਹੁੰਚਣ ਦੇ ਕਾਰਨਾਂ ਨੂੰ ਵਿਗੋਪਦੇ ਹੋਏ ਔਰਤ ਦੀ ਸਮੁੱਚੀ ਤ੍ਰਾਸਦੀ ਨੂੰ ਪੇਸ਼ ਕਰਦੇ ਹਨ । ਇਸ ਤੋਂ ਅਗਾਂਹ ਨਿੱਕੇ ਬੀਬੀ ਸੈਹਬਾ ਅਤੇ ਕਾਂਤੀ ਦੀ ਆਪਸੀ ਵਾਰਤਾਲਾਪ ਦੇ ਸੰਵਾਦੀ ਜੁਗਤ ਵਜੋਂ ਪੇਸ਼ ਹੋਏ ਮੋਟਿਫ਼ ਹਨ –

- ਸੈਹਬ ਜੀਆਂ ਦੇ ਪਸ਼ੂ ਵਾੜੇ ਦਾ ਜ਼ਿਕਰ
- ਅੰਬਰਸਰੀਏ ਭਾਊਆਂ ਦਾ ਜ਼ਿਕਰ
- ਅੰਬਰਸਰੀਏ ਭਾਊ ਵਲੋਂ ਕਤਲ ਹੋਣ ਦਾ ਜ਼ਿਕਰ
- ਜੱਜ ਵਲੋਂ ਸੈਹਬ ਜੀਆਂ ਦੇ ਡਰੋਂ ਸਜ਼ਾ ਨਾ ਦੇਣ ਦਾ ਜ਼ਿਕਰ

ਉਪਰੋਕਤ ਪੇਸ਼ ਹੋਏ ਮੋਟਿਫ਼, ਖੁੱਲ੍ਹੇ ਮੋਟਿਫ਼ ਹਨ ਜੋ ਕਹਾਣੀ ਬਿਰਤਾਂਤ ਵਿੱਚੋਂ ਸਹਿਜੇ ਹੀ ਛਾਂਗੇ ਜਾ ਸਕਦੇ ਹਨ । ਜਿਨ੍ਹਾਂ ਦੇ ਖਾਰਜ ਹੋਣ ਦੀ ਸਥਿਤੀ ਨਾਲ ਰਚਨਾ-ਸੰਗਠਨ ਉੱਪਰ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਪੈਂਦਾ ਪਰ ਰਚਨਾ ਵਿੱਚ ਇਨ੍ਹਾਂ ਮੋਟਿਫ਼ਾਂ ਦੀ ਸਾਰਥਕਤਾ ਨੂੰ ਇਨਕਾਰਿਆ ਵੀ ਨਹੀਂ ਜਾ ਸਕਦਾ । ਇਸ ਤੋਂ ਅਗਾਂਹ ਨਿੱਕੇ ਬੀਬੀ ਸੈਹਬਾ ਦਾ ਆਪਣੇ ਆਪ ਨੂੰ ਸੰਬੋਧਨ ਰੁਕੀ ਹੋਈ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ, ਇੱਕ ਜੁਗਤ ਦਾ ਕੰਮ ਕਰਦਾ ਹੋਇਆ ਵਿਕਾਸ ਕਰਦਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ਰੁਝੇਵੇਂ ਬਹੁਤ ਵਧ ਗਏ ਨੇ ਮੇਰੇ, ਸੈਹਬ ਜੀਆਂ ਨੂੰ ਘੱਟ ਹੀ ਤਕਲੀਫ਼ ਦੇਈ ਦੀ ਐ । ਉਹਨਾਂ ਦਾ ਅੱਧਾ ਨਹੀਂ, ਸਾਰਾ ਹੀ ਫ਼ਿਕਰ ਲਾਹ ਦਿੱਤੈ ਮੈਂ ... । ਪਿਛਲੇ ਚਹੁੰ ਪੰਜਾਂ ਸਾਲਾਂ 'ਚ ਵੇਹਲਾ ਹੀ ਕਰ ਦਿੱਤੈ ਉਹਨਾਂ ਨੂੰ । ਨਸ਼ਾ ਵਧਾ ਦਿੱਤੈ ਉਹਨਾਂ ਦਾ । ਸਿੱਧਾ ਮੱਧ ਪ੍ਰਦੇਸ਼ ਤੋਂ ਦੁੱਧ ਮੰਗਵਾਉਨੀਆਂ, 'ਪਿਓਰ', ਕੇਸਰ, ਕਸਤੂਰੀ ਤੇ ਭਸਮਾਂ ਪਾ ਕੇ ਆਪਣੇ ਸਾਹਮਣੇ ਤਿਆਰ ਕਰਵੌਨੀਆਂ । ਚਾਂਦੀ ਦੇ ਚਮਚੇ ਨਾਲ ਦਿੰਨੀਆਂ ਸੈਹਬ ਜੀਆਂ ਨੂੰ, ਚਵਨਪ੍ਰਾਸ਼ ਵਾਂਗੂੰ ।[26]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਮੋਟਿਫ਼ ਕਹਾਣੀ ਵਿੱਚ ਸਿੱਧਾ ਤੇ ਮਹੱਤਵਪੂਰਨ ਰੋਲ ਨਿਭਾਉਂਦੇ ਹੋਏ ਇਹ ਪ੍ਰਭਾਵ ਸਿਰਜਦੇ ਹਨ ਕਿ ਨਿੱਕੇ ਬੀਬੀ ਸੈਹਬਾ ਨੇ ਸੈਹਬ ਜੀਆਂ ਨੂੰ ਨਕਾਰਾ ਕਰਕੇ ਸਭ ਕੁੱਝ ਆਪਣੇ ਹੱਥ ਵਿੱਚ ਲੈ ਲਿਆ ਹੈ, ਇਸ ਤੋਂ ਅੱਗੇ ਪੇਸ਼ ਹੋਏ ਮੋਟਿਫ਼ ਹਨ –

> ... ਬਹੁਤ ਕੁਛ ਭੁਲਾਈ ਰੱਖਦੀ ਐ ਇਹ ਦਵਾਈ, ਸੈਹਬ ਜੀ ਏਹਨੂੰ ਦਵਾਈ ਕੈਂਹਦੇ ਨੇ, ਹੈ ਵੀ ਸੱਚਮੁੱਚ, ਸ਼ਾਹੀ ਵਸਤ ਐ, ਮਾੜੇ ਲੋਕਾਂ ਬਦਨਾਮ ਕਰਤੀ, ਚਵਲਾਂ ਦੇ ਵੱਸ ਪੈ ਕੇ ਆਭਾ ਖੋਗੀ ਏਹਦੀ ... ਛੋਰ ਮੂੰਹ ਮਾਰਨ ਲੱਗ 'ਗੇ ... ।[27]

ਉਪਰੋਕਤ ਪੇਸ਼ ਹੋਏ ਮੋਟਿਫ਼ਾਂ ਨੂੰ ਭਾਵੇਂ ਅਸੀਂ ਖੁੱਲ੍ਹੇ ਮੋਟਿਫ਼ ਕਹਿ ਸਕਦੇ ਹਾਂ ਕਿਉਂਕਿ ਇਨ੍ਹਾਂ ਮੋਟਿਫ਼ਾਂ ਨੂੰ ਕਹਾਣੀ ਬਿਰਤਾਂਤ ਵਿੱਚੋਂ ਛਾਂਗਣ ਨਾਲ ਰਚਨਾ ਦੇ ਸੰਗਠਨ ਉੱਪਰ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ ਪਰੰਤੂ ਇਨ੍ਹਾਂ ਮੋਟਿਫ਼ਾਂ ਵਿੱਚ ਵਰਤਮਾਨ ਸਮੇਂ ਦੌਰਾਨ ਨੌਜਵਾਨ ਪੀੜ੍ਹੀ ਵਿੱਚ ਨਸ਼ੇ ਦੇ ਵਧ ਰਹੇ ਰੁਝਾਣ ਦਾ ਥੀਮ ਪਿਆ ਹੋਣ ਕਰਕੇ ਇਹਨਾਂ ਮੋਟਿਫ਼ਾਂ ਨੂੰ ਸੰਰਚਨਾਤਮਕ ਮਹੱਤਵ ਪ੍ਰਾਪਤ ਹੋ ਜਾਂਦਾ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

> ਖੈਰ ਸੈਹਬ ਜੀ ਬੜੇ ਖੁਸ਼ ਰੈਂਹਦੇ ਨੇ ਅੱਜ ਕੱਲ, ਮਸਤ । ... ਓਹ ਟੀ.ਵੀ. ਦੇਖਦੇ ਨੇ ਜਾਂ ਕਾਮਰੇਡ ਵਰਗੇ ਬੇਲੀਆਂ ਨਾਲ ਗੱਪਸ਼ੱਪ ਕਰਦੇ ਨੇ ਜਾ ਕਦੇ ਕਦੇ ਮੇਰੇ ਕੈਹਣ ਤੇ ਦੀਵਾਨ 'ਚ ਜਾ ਦਰਸ਼ਨ ਦਿੰਦੇ ਨੇ, ਚੁੱਪ ਚਾਪ । ਪ੍ਰਵਚਨ ਸਿਰਫ਼ ਮੈਂ ਕਰਦੀ ਆਂ । ਲੋਕ ਮੇਰੇ ਪ੍ਰਵਚਨ ਓਨੀ ਹੀ ਸ਼ਰਧਾ ਨਾਲ ਸ੍ਰਵਣ ਕਰਦੇ ਨੇ, ਜਿੰਨੀ ਸ਼ਰਧਾ ਨਾਲ ਮੇਰੀਆਂ ਗਾਲ੍ਹਾਂ । ਮੈਂ ਗਾਲ੍ਹਾਂ ਵੀ ਚੁਣ ਚੁਣਕੇ ਕੱਢਦੀਆਂ, ਮੋਟੀਆਂ ਮੋਟੀਆਂ, ਚੋਂਦੀਆਂ ਚੋਂਦੀਆਂ, ਸੱਚ ਦੱਸਾਂ, ਜਦੋਂ ਕਿਸੇ ਮੂੰਹ-ਜ਼ੋਰ ਮਰਦ ਨੂੰ ਮੂੰਹ ਭਰ ਕੇ ਗਾਲ੍ਹ ਕੱਢਦੀਆਂ, ਪੂਰੀ ਗੰਦੀ ਗਾਲ੍ਹ ਤਾਂ ਸੁਆਦ ਆ ਜਾਂਦੈ । ਲੱਗਦੈ ਕਿ ਸਦੀਆਂ ਤੋਂ ਔਰਤ ਨੂੰ ਲੱਗੀਆਂ ਬੇੜੀਆਂ, ਇਕ ਇਕ ਕਰਕੇ ਟੁੱਟ ਰਹੀਆਂ ਹੋਣ ... ।[28]

ਕਹਾਣੀ ਦੀ ਬਿਰਤਾਂਤਕ ਤੋਰ ਨੂੰ ਅਗਾਂਹ ਤੋਰਦੇ ਉਪਰੋਕਤ ਗਤੀਸ਼ੀਲ ਮੋਟਿਫ਼ ਔਰਤ ਦੀ ਪਰੰਪਰਾਗਤ ਤ੍ਰਾਸਦੀ ਨੂੰ ਸਪੱਸ਼ਟ ਕਰਦੇ ਹੋਏ ਇਹ ਪ੍ਰਭਾਵ ਸਿਰਜਦੇ ਹਨ ਕਿ ਕਹਾਣੀ ਦੀ ਕੇਂਦਰੀ ਪਾਤਰ ਹਾਰੀ ਹੋਈ ਇਸਤਰੀ ਨਹੀਂ ਸਗੋਂ ਉਹ ਅਪਮਾਨਿਤ ਹੋ ਕੇ ਆਪਣੇ ਤਿੜਕੇ ਅਸਤਿਤ੍ਵ ਦੀ ਪੀੜ ਹੰਢਾਉਂਦੀ ਬਦਲਾ ਚਾਹੁੰਦੀ ਹੈ । ਇਸ ਲਈ ਉਹ ਪੰਜਾਬੀ ਬੰਦੇ ਦੇ ਸਭਿਆਚਾਰਕ ਅਵਚੇਤਨ ਵਿੱਚ ਪਏ ਔਰਤ ਪ੍ਰਤੀ ਘਟੀਆ ਬਿੰਬਾਂ ਨੂੰ ਪੁੱਠਾ ਗੇੜ ਦਿੰਦੀ ਹੋਈ ਸਮਾਜ ਦੀਆਂ ਕਦਰਾਂ ਕੀਮਤਾਂ ਦਾ ਅਧਿਲੰਘਣ ਕਰਦੀ ਸੈਹਬ

ਜੀਆਂ ਨੂੰ ਨਕਾਰਾ ਕਰਨ ਤੋਂ ਬਾਅਦ ਮਰਦ ਦੇ ਬਰਾਬਰ ਪਹੁੰਚ ਰੱਖਣ ਵਾਲੀ ਇਸਤਰੀ ਵਜੋਂ ਪੇਸ਼ ਹੋਈ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਵਿੱਚ -

- ਰਾਣਿਆਂ ਦੇ ਮੁੰਡੇ ਵਲੋਂ ਸੱਟਾ ਮੰਗਣਾ,
- ਨਿੱਕੇ ਬੀਬੀ ਸੈਹਬਾ ਵਲੋਂ ਉਸਨੂੰ ਗੰਦੀ ਗਾਲ੍ਹ ਕੱਢਣਾ

ਉਪਰੋਕਤ ਮੋਟਿਫ਼ ਨਿੱਕੇ ਬੀਬੀ ਸੈਹਬਾ ਵਲੋਂ ਗਾਲ੍ਹਾਂ ਨੂੰ ਇੰਜੁਆਏ ਕਰਨ ਦੇ ਵਿਗੋਪਨ ਨੂੰ ਸਪੱਸ਼ਟ ਕਰਦੇ ਹੋਏ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ ਹਨ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ-

> ਕਦੇ ਕਦੇ ਮੈਂ ਕਾਂਤੀ ਨੂੰ ਕੈਹਦਾ ਕਿ ਕਾਂਤੀ ਏਹਨਾਂ ਭੈਣਾਂ 'ਚੋ ਮਰਦਾਂ ਦੀ ਅੱਧੀਓਂ ਬਹੁਤੀ ਤਾਕਤ ਏਹਨਾਂ ਦੀ ਬੋਲੀ 'ਚ ਐ, ਆਹ ਗਾਲ੍ਹਾਂ 'ਚ । ਜੇ ਆਪਾਂ ਏਹਨਾਂ ਦੀ ਭੈਣ ਦੀ ... ਦੇਣੈ ਤਾਂ ਏਹਨਾਂ ਦੀ ਭਾਸ਼ਾ ਬੋਲਣੀ ਪਊ ... ਆਪਣਾ ਸਿੱਕਾ ਤਾਂ ਚੱਲੂ ... ।[29]

ਕਹਾਣੀ ਬਿਰਤਾਂਤ ਨੂੰ ਗਤੀ ਪ੍ਰਦਾਨ ਕਰਨ ਵਾਲੇ ਉਪਰੋਕਤ ਗਤੀਸ਼ੀਲ ਮੋਟਿਫ਼ਾਂ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਆਜ਼ਾਦ ਅਤੇ ਖ਼ੁਸ਼ਹਾਲ ਹੋਣ ਲਈ ਉਸਦੀ ਗੰਦੀ ਭਾਸ਼ਾ ਬੋਲਣ ਦਾ ਕ੍ਰਾਂਤੀਕਾਰੀ ਥੀਮ ਪਿਆ ਹੋਇਆ ਹੈ । ਜੋ ਕਹਾਣੀ ਦੀ ਕੇਂਦਰੀ ਪਾਤਰ ਨੂੰ ਵਿਦਰੋਹੀ ਪਾਤਰ ਵਜੋਂ ਪੇਸ਼ ਕਰਦਾ ਹੋਇਆ ਪਰੰਪਰਾਗਤ ਵਧੀਕੀਆਂ ਦਾ ਸ਼ਿਕਾਰ ਹੁੰਦੀ ਆ ਰਹੀ ਔਰਤ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਜੇਕਰ ਔਰਤ ਨੇ ਸਮਾਜ ਦੀ ਸਿਰਜਨਾ ਵਿੱਚ ਮਰਦ ਦੇ ਬਰਾਬਰ ਆਜ਼ਾਦ ਅਤੇ ਖ਼ੁਸ਼ਹਾਲ ਹੋਣਾ ਹੈ ਤਾਂ ਉਸ ਨੂੰ ਮਰਦ ਪ੍ਰਧਾਨ ਸਮਾਜ ਦੀ ਗੰਦੀ ਭਾਸ਼ਾ ਦਾ ਸਹਾਰਾ ਅਵੱਸ਼ ਲੈਣਾ ਪਵੇਗਾ । ਇਸੇ ਲਈ ਤਾਂ ਕਹਾਣੀ ਦੀ ਕੇਂਦਰੀ ਪਾਤਰ ਕਹਿੰਦੀ ਹੈ :

> ਪੂਰਾ ਸਿੱਕਾ ਚੱਲਦੈ ਮੇਰਾ, ਹੇਠਲੀ ਉੱਤੇ ਆ ਗੀ, ਸੈਹਬ ਜੀ ਐਕਟਿਵ ਨਹੀਂ ਰਹੇ ਹੁਣ, ਹੁਣ ਸਿਰਫ਼ ਮੈਂ, ਮੈਂ ਨਿੱਕੇ ਬੀਬੀ ਸੈਹਬਾ । ... ਮੈਂ ਈ ਆਂ ਸਭ ਕੁੱਝ ... 'ਆਲ-ਇਨ-ਆਲ' ... । ਪੰਜ ਕਹਾਂ ਪੰਜਾਹ ਕਰਾਂ, ਕਿਸੇ ਦੀ ਜ਼ੁਰਅਤ ਨਈ ਕਿ ਸੁਆਲ ਕਰ ਜਾਵੇ ... ।[30]

ਕਹਾਣੀ ਬਿਰਤਾਂਤ ਦੀਆਂ ਤੰਦਾਂ ਨੂੰ ਆਸੇ ਪਾਸੇ ਖਿਲਾਰਦੇ ਉਪਰੋਕਤ ਮੋਟਿਫ਼ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ ਇੱਕ ਜੁਗਤ ਦਾ ਕੰਮ ਕਰਦੇ ਹੋਏ ਵਿਕਾਸ ਕਰਦੇ ਹਨ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਕੈਂਹਦੈ ਨੇ ਕਿ ਬੰਦੇ ਦੀ ਜ਼ਮੀਰ ਸੁਆਲ ਕਰਦੀ ਰੈਂਹਦੀ ਐ, ਪਰ ਮੈਨੂੰ ਪਤੈ ਕਿ ਜਦੋਂ ਦਾ ਸੁਮੀਤ ਆਉਣ ਲੱਗਿਐ ਏਥੇ, ਮੇਰੀ ਜ਼ਮੀਰ ਓਦੋਂ ਦੇ ਈ ਬਹੁਤੇ ਸੁਆਲ ਕਰਨ ਲੱਗੀ ਐ ... ।''[31]

ਨਿੱਕੇ ਬੀਬੀ ਸੈਹਬਾ ਦੇ ਮਨੋਸੰਗਠਨ ਨੂੰ ਉਜਾਗਰ ਕਰਦੇ ਉਪਰੋਕਤ ਮੋਟਿਫ਼ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਨ ਲਈ ਮਜ਼ਬੂਰ ਕਰਦੇ ਹੋਏ ਕਈ ਤਰ੍ਹਾਂ ਦੇ ਸਵਾਲ ਉਤਪੰਨ ਕਰਦੇ ਹਨ। ਜਿਵੇਂ -

- ਉਹ ਕਿਹੜੇ ਸਵਾਲ ਹਨ ਜੋ ਨਿੱਕੇ ਬੀਬੀ ਸੈਹਬਾ ਦੀ ਜ਼ਮੀਰ ਸਮੀਤ ਦੇ ਗੁਰੂ ਘਰ ਆਉਣ ਕਰਕੇ ਕਰਦੀ ਹੈ ?
- ਉਨ੍ਹਾਂ ਸੁਆਲਾਂ ਦਾ ਸੁਮੀਤ ਨਾਲ ਕੀ ਸੰਬੰਧ ਹੈ ?

ਪਾਠਕ ਸੰਕੇਤਕ ਤੌਰ ਉਤੇ ਤਾਂ ਉਪਰੋਕਤ ਸਵਾਲਾਂ ਦੇ ਜੁਆਬ ਜਾਣ ਲੈਂਦਾ ਹੈ ਪਰ ਕਹਾਣੀਕਾਰ ਕਹਾਣੀ ਵਿੱਚ ਰਹੱਸ ਬਣਾਈ ਰੱਖਣ ਲਈ ਇਨ੍ਹਾਂ ਸਵਾਲਾਂ ਦੇ ਜੁਆਬ ਦਾ ਵਿਗੋਪਨ ਪੂਰਨ ਤੌਰ ਤੇ ਰੋਕ ਲੈਂਦਾ ਹੈ । ਕੁੱਝ ਪ੍ਰਗਟ ਕਰਕੇ ਕੁੱਝ ਲਕੋਣਾ ਵੀ ਕਲਾਕਾਰੀ ਹੈ ਇਓਂ ਉਪਰੋਕਤ ਮੋਟਿਫ਼ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਣ ਲਈ ਮਜ਼ਬੂਰ ਕਰਦੇ ਹੋਏ ਵਿਕਾਸ ਕਰਦੇ ਹਨ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ਾਂ ਵਿੱਚ ਸੁਮੀਤ ਬਾਰੇ ਪੂਰਨ ਵਿਗੋਪਨ ਸਪੱਸ਼ਟ ਕਰ ਦਿੱਤਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਸੁਮੀਤ ਕਾਮਰੇਡ ਦਾ ਬੇਟਾ, ਰੂਸ ਤੋਂ ਪੜ੍ਹਕੇ ਆਇਐ, ਵਿਦਵਾਨ ਐ, ਬਹੁਤ ਸਿਆਣੈ, ... ਸੱਚਾ ਬੰਦੈ, ਸੱਚੀ ਗੱਲ ਕੈਹਣ 'ਚ ਓਹ ਸੈਹਬ ਜੀਆਂ ਤੇ ਕਾਮਰੇਡ ਦੀ ਵੀ ਪ੍ਰਵਾਹ ਨਹੀਂ ਕਰਦਾ, ਮੂੰਹ ਤੇ ਮਾਰਦੈ, ਮੈਨੂੰ ਓਹਦੀ ਏਹੀ ਗੱਲ ਚੰਗੀ ਲੱਗਦੀ ਐ ।[32]

ਸੁਮੀਤ ਬਾਰੇ ਜਾਣ ਪਛਾਣ ਦੇ ਉਪਰੋਕਤ ਗਤੀਸ਼ੀਲ ਮੋਟਿਫ਼ ਕਹਾਣੀ ਦੀ ਬਿਰਤਾਂਤਕ ਤੋਰ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਲਈ ਰਚਨਾ ਪ੍ਰੇਰਕ ਦੇ ਤੌਰ ਉੱਤੇ ਵਰਤੇ ਗਏ ਹਨ ਕਿਉਂਕਿ ਇਸ ਤੋਂ ਬਾਅਦ ਸਾਰੀ ਕਹਾਣੀ ਸੁਮੀਤ ਅਤੇ ਨਿੱਕੇ ਬੀਬੀ ਸੈਹਬਾ ਉੱਤੇ ਕੇਂਦਰਿਤ ਹੋ ਜਾਂਦੀ ਹੈ ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

> ਸੁਮੀਤ ਤਾਂ ਗੁਰੂ ਘਰ ਈ ਨਹੀਂ ਸੀ ਆਉਂਦਾ ... ਇਹ ਤਾਂ ਮੈਂ ਲੈ ਕੇ ਆਈ ਸਾਂ ਓਹਨੂੰ, ਏਹ ਚਰਚਾ ਕਰਕੇ, ਕਿ ਗੁਰੂ ਘਰ ਦੀ ਅੰਨੀ ਜ਼ਮੀਨ ਜੈਦਾਦ, ਲੋੜਵੰਦਾਂ ਲਈ ਕਿਵੇਂ ਵਰਤੀ ਜਾਵੇ ... ।
>
> ''ਪੈਹਲਾਂ ਤੁਸੀਂ ਗਾਲ੍ਹਾਂ ਬੰਦ ਕਰੋ ਤਾਂ ਕਿ ਸੱਟਾ ਬੰਦਾ ਹੋਵੇ'' । ...

''ਕਾਸ਼ ਮੈਂ ਕਰ ਸਕਦੀ ਸੁਮੀਤ ... ।'' ਮੈਂ ਹਉਕਾ ਭਰਿਆ ਸੀ, ''ਮੈਂ ਕੋਸ਼ਿਸ਼ ਕਰ ਚੁੱਕੀ ਆਂ, ਪਰ ਲੋਕ ਨਹੀਂ ਸਮਝਦੇ ... ।''

''ਏਹਦੇ ਵਿੱਚ ਕੀ ਐ ? ਤੁਸੀਂ ਗਾਲ੍ਹਾਂ ਦੇਣੀਆਂ ਬੰਦ ਕਰ ਦਿਓ, ਬੱਸ ...।'' ... ਮੈਂ ਮੁਸਕਰਾਈ, ''ਨਹੀਂ ਸੁਮੀਤ, ਏਹ ਏਨਾ ਸੌਖਾ ਨਹੀਂ, 'ਨੈਟਵਰਕ' ਐ ਪੂਰਾ । ਬਹੁਤ ਹੱਥ ਨੇ ਇਹਦੇ ਪਿੱਛੇ, ਵੱਡੇ ਵੱਡੇ ਲੋਕਾਂ ਦੇ । ਮੈਂ ਛੱਡਦੀ ਆਂ ਤਾਂ ਸਾਰਾ ਕੁੱਛ ਮੁੜ ਸੈਹਬ ਜੀਆਂ ਕੋਲ ਚਲਾ ਜਾਊ ... ।[33]

ਸਵਾਲ ਜੁਆਬ ਦੀ ਸੰਵਾਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਵਿਰੋਧੀ ਪ੍ਰਕਿਰਤੀ ਵਾਲੇ ਮੋਟਿਫ਼ ਕਹਾਣੀ ਦੀਆਂ ਰੁੱਝੀਆਂ ਰਮਜ਼ਾਂ ਨੂੰ ਉਜਾਗਰ ਕਰਦੇ ਹੋਏ ਇਹ ਵਿਗੋਪਨ ਸਪੱਸ਼ਟ ਕਰਦੇ ਹਨ ਕਿ ਸੈਹਬ ਜੀ ਕੋਈ ਅਲੌਕਿਕ ਸ਼ਕਤੀ ਦੇ ਮਾਲਕ ਨਹੀਂ ਸਨ ਜੋ ਗਾਲ੍ਹਾਂ ਦੇ ਜਰੀਏ ਸੰਕੇਤਕ ਤੌਰ ਉੱਤੇ ਸੱਟੇ ਦੇ ਆਉਣ ਵਾਲੇ ਨੰਬਰ ਬਾਰੇ ਜਾਣਕਾਰੀ ਦਿੰਦੇ ਸਨ ਸਗੋਂ ਉਹ ਤਾਂ ਉਸ ਨੈੱਟਵਰਕ ਵਿੱਚ ਸ਼ਾਮਿਲ ਸਨ ਜੋ ਸੱਟੇ ਦੇ ਬੁਰੇ ਧੰਦੇ ਨੂੰ ਚਲਾਉਂਦੇ ਹਨ, ਜਿਸ ਸਦਕਾ ਉਨ੍ਹਾਂ ਨੂੰ ਆਉਣ ਵਾਲੇ ਨੰਬਰ ਬਾਰੇ ਜਾਣਕਾਰੀ ਹੁੰਦੀ ਸੀ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

- ... ਹੁਣ ਤਾਂ ਮੈਂ ਕਿੰਨਾ ਕੁੱਛ ਚੰਗਾ ਵੀ ਕਰੀ ਜਾਨੀ ਆਂ ...।''
- ''ਚੰਗਾ ਕੀ ਕਰਦੇ ਓ ਤੁਸੀਂ ?''
- ਮੈਂ ਸਮਝ ਗਈ ਕਿ ਏਹ ਬੰਦਾ ਹਰ ਗੱਲ ਦੀ ਤੈਹ ਤੱਕ ਜਾਣ ਵਾਲੇ, ਮੈਂ ਕੈਹ ਦਿੱਤਾ, ''ਹੁਣ ਤਾਂ ਮੈਨੂੰ ਖੁਦ ਨੂੰ ਵੀ ਨਹੀਂ ਪਤਾ ਸੁਮੀਤ ਕਿ ਗੁਰੂ ਘਰ ਦੀ ਮਾਇਆ ਨਾਲ ਕਿੰਨੀਆਂ ਕੁੜੀਆਂ ਦੇ ਘਰ ਵਸਾਏ ਨੇ ਮੈਂ ... ਕਿੰਨੀਆਂ ਬੱਚੀਆਂ ਦੀ ਪੜ੍ਹਾਈ ਦਾ ਖਰਚ ਮੇਰੇ ਜ਼ਿੰਮੇ ਐ, 'ਲਾਕੇ 'ਚ **ਕਿੰਨੇ ਨਸ਼ਾ-ਛੁਡਾਊ ਕੇਂਦਰ ਮੈਂ ਚਲਾ ਰਹੀ ਆਂ ਪਰਦੇ ਪਿੱਛੇ** ...।''[34]

ਸਵਾਲ ਜੁਆਬ ਦੀ ਸੰਵਾਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ ਨਿੱਕੇ ਬੀਬੀ ਸੈਹਬਾ ਦੇ ਝੂਠ ਨੂੰ ਇੰਜੁਆਏ ਕਰਨ ਦੇ ਵਿਗੋਪਨ ਨੂੰ ਸਪੱਸ਼ਟ ਕਰਦੇ ਹੋਏ ਹੇਠ ਲਿਖੇ ਵੇਰਵੇ ਉਜਾਗਰ ਕਰਦੇ ਹਨ-

- ਦੇਖ ਰਹੀ ਸਾਂ ਕਿ ਉਹ ਨਰਮ ਪੈ ਰਿਹਾ ਸੀ ਤੇ ਮੈਂ ਕਿਹਾ, ''ਪਰ ਫੇਰ ਵੀ ਮੇਰੀ ਇਕ ਸੀਮਾ ਹੈ ਸੁਮੀਤ, ਮੈਨੂੰ ਤੇਰੀ ਲੋੜ ਹੈ, ਤੂੰ ਸਾਥ ਦੇ, ਆਪਾਂ ਕੁੱਛ ਵੱਡਾ ਕਰੀਏ ...।''
- ਮਾਫ਼ ਕਰਨਾ ਪੈਹਲਾਂ ਮੈਂ ਤੁਹਾਨੂੰ ਗਲਤ ਸਮਝਦਾ ਰਿਹਾ ... ।'' ਉਸਨੇ ਤਪਾਕ ਨਾਲ ਕਿਹਾ ਤੇ ਖੁਸ਼ੀ ਖੁਸ਼ੀ ਗੁਰੂ ਘਰ ਆਉਣ ਲੱਗਾ ।

- ਸੁਮੀਤ ਜਦੋਂ ਦੋਵੇਂ ਹੱਥ ਜੋੜ ਪੂਰੇ ਅਦਬ ਨਾਲ ਨਮਸਕਾਰ ਕਰਦੈ ਤਾਂ ਲੰਮੇ ਪੈ ਕੇ ਮੱਥਾ ਟੇਕਣ ਵਾਲੇ ਹਜ਼ਾਰਾਂ ਨਾਲੋਂ ਵੱਧ ਸਕੂਨ ਦਿੰਦੈ ।
- ਸੁਮੀਤ ਦੇ ਗੁਰੂ ਘਰ ਆਉਣ ਨਾਲ ਸਾਰੇ ਹੈਰਾਨ ਹੋਏ ਤੇ ਖੁਸ਼ ਵੀ, ਕਾਂਤੀ ਨੇ ਖੁਸ਼ੀ ਜ਼ਾਹਰ ਕਰਦਿਆਂ ਸ਼ਰਾਰਤ ਨਾਲ ਕਿਹਾ, ''ਏਹ ਝੋਟਾ ਕਿਵੇਂ ਚੋਅ ਲਿਆ ਤੁਸੀਂ?'' ... ''ਏਹ 'ਸਾਇਕਾਲੋਜੀ' ਐ ਕਾਂਤੀ ... ।'' ਤੇ ਅਸੀਂ ਖੂਬ ਹੱਸੀਆਂ ।[35]

ਨਿੱਕੇ ਬੀਬੀ ਸੈਹਬਾ ਦੀ ਕੁਦਰਤੀ ਕਾਮ ਦੀ ਭੁੱਖ ਨੂੰ ਉਜਾਗਰ ਕਰਦੇ ਸੰਵਾਦੀ-ਜੁਗਤ ਦੇ ਉਪਰੋਕਤ ਗਤੀਸ਼ੀਲ ਮੋਟਿਫ਼ਾਂ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ ਹੋਏ ਇਹ ਭਾਵ ਸਪੱਸ਼ਟ ਕਰਦੇ ਹਨ ਕਿ ਹਰ ਇੱਕ ਔਰਤ ਆਪਣੇ ਹਾਣ-ਪਰਵਾਨ ਦੇ ਮਰਦ ਨਾਲ ਲਿੰਗ ਸੰਬੰਧ ਜੋੜ ਕੇ ਹੀ ਕਾਮ ਦੀ ਕੁਦਰਤੀ ਭੁੱਖ ਨੂੰ ਸੰਤੁਸ਼ਟ ਕਰ ਸਕਦੀ ਹੈ । ਪਰ ਨਿੱਕੇ ਬੀਬੀ ਸੈਹਬਾ ਨਾਲ ਬੁੱਢੇ ਸੈਹਬ ਜੀਆਂ ਵਲੋਂ ਬਲਾਤਕਾਰ ਕਰਨਾ ਉਸ ਦੀ ਕਾਮ ਅਤ੍ਰਿਪਤੀ ਨੂੰ ਤ੍ਰਿਪਤ ਨਹੀਂ ਕਰਦਾ ਜਿਸ ਸਦਕਾ ਉਸ ਦਾ ਝੁਕਾਅ ਸਮੀਤ ਪ੍ਰਤੀ ਹੋ ਜਾਦਾ ਹੈ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਦੀ ਬਿਰਤਾਂਤਕ ਤੋਰ ਨੂੰ ਮੱਠੀ ਕਰਨ ਲਈ ਨਿੱਕੇ ਬੀਬੀ ਸੈਹਬਾ ਦੇ ਮਨੋਸੰਗਠਨ ਨੂੰ ਉਜਾਗਰ ਕਰਦੇ ਮੋਟਿਫ਼ਾਂ ਤਹਿਤ ਇਕੋ ਸਮੇਂ ਪਿੱਛਲਝਾਤ ਅਤੇ ਵਰਤਮਾਨ ਦੇ ਵੇਰਵਿਆਂ ਨੂੰ ਸਪੱਸ਼ਟ ਕਰਦਾ ਹੋਇਆ ਕਹਾਣੀ ਨੂੰ ਰੋਕ ਲੈਂਦਾ ਹੈ । ਜਿਵੇਂ :

- ਨਿੱਕੇ ਬੀਬੀ ਸੈਹਬਾ ਵਲੋਂ ਆਪਣੇ ਨਾਲ ਵਾਪਰੇ ਕਹਿਰ ਨੂੰ ਯਾਦ ਕਰਦੇ ਹੋਏ ਸੈਹਬ ਜੀਆ ਅਤੇ ਆਪਣੇ ਮਾਪਿਆਂ ਨੂੰ ਦੋਸ਼ੀ ਠਹਿਰਾਉਣਾ,
- ਆਪਣੇ ਮਾਪਿਆਂ ਨੂੰ ਸਜ਼ਾ ਦੇਣ ਬਾਰੇ ਸੋਚਣਾ,
- ਸੈਹਬ ਜੀਆਂ ਨੂੰ ਸਜ਼ਾ ਦੇਣ ਬਾਰੇ ਸੋਚਣਾ,

ਨਿੱਕੇ ਬੀਬੀ ਸੈਹਬਾ ਦੇ ਮਨੋਸੰਗਠਨ ਨੂੰ ਉਜਾਗਰ ਕਰਦੇ ਉਪਰੋਕਤ ਮੋਟਿਫ਼ ਕਹਾਣੀ ਬਿਰਤਾਂਤ ਨੂੰ ਆਸੇ ਪਾਸੇ ਖਿਲਾਰਦੇ ਹੋਏ ਪਾਠਕ ਦੇ ਮਨ ਅੰਦਰ ਸ਼ੰਕਾ ਪੈਦਾ ਕਰਦੇ ਹਨ ਕਿ ਨਿੱਕੇ ਬੀਬੀ ਸੈਹਬਾ ਆਪਣੇ ਨਾਲ ਵਾਪਰੇ ਕਹਿਰ ਦਾ ਬਦਲਾ ਦੋਸ਼ੀ ਮਾਪਿਆਂ ਅਤੇ ਸੈਹਬ ਜੀਆਂ ਤੋਂ ਲਵੇਗੀ ਜਾਂ ਨਹੀਂ, ਇਹ ਰਹੱਸ ਹੀ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਨ ਲਈ ਉਤਸੁਕ ਕਰਦਾ ਹੋਇਆ ਵਿਕਾਸ ਕਰਦਾ ਹੈ । ਇਸ ਤੋਂ ਅਗਾਂਹ ਕਹਾਣੀਕਾਰ ਰੁਕੀ ਹੋਈ ਕਹਾਣੀ ਨੂੰ ਅਗਾਂਹ ਤੋਰਣ ਲਈ 'ਮੌਕਾ ਮੇਲ' ਦੀ ਜੁਗਤ ਰਾਹੀਂ ਕਾਂਤੀ ਪਾਤਰ ਤੋਂ ਹੇਠ ਲਿਖੇ ਵੇਰਵੇ ਪੇਸ਼ ਕਰਵਾਉਂਦਾ ਹੈ –

> ਕਿ ਅਚਾਨਕ, ਇਕ ਦਿਨ ਕਾਂਤੀ ਨੇ ਪੁੱਛਿਆ, "ਬੀਬੀ ਜੀ, ਭਲਾ ਸਿਮਰਨ ਕਿੱਡੀ ਕੁ ਹੋ ਗਈ ਹੋਊ ... ?" ਕਾਂਤੀ ਨੇ ਤਾਂ ਸੈਹਬਨ ਪੁੱਛਿਆ ਸੀ ਪਰ ਮੇਰਾ ਮਨ ਓਧੇੜ ਬੁਣ ਕਰਨ ਲੱਗਾ ... ਜਾਲ ਬੁਣਨ ਲੱਗਾ ਸਿਮਰਨ ਵਾਸਤੇ ... ।[36]

ਕਹਾਣੀ ਦੀ ਕੇਂਦਰੀ ਪਾਤਰ ਨਿੱਕੇ ਬੀਬੀ ਸੈਹਬਾ, ਸੈਹਬ ਜੀਆਂ ਤੋਂ ਆਪਣੇ ਉੱਪਰ ਕੀਤੇ ਕਹਿਰ ਦਾ ਬਦਲਾ ਲੈਣ ਲਈ ਸਿਮਰਨ ਪ੍ਰਤੀ ਕਿਹੜਾ ਜਾਲ ਬੁਣੇਗੀ ਇਸ ਬਾਰੇ ਵਿਰੋਪਨ ਨੂੰ ਅਜੇ ਰੋਕ ਲਿਆ ਹੈ, ਇਸ ਬਾਰੇ ਸਾਨੂੰ ਅਗਾਂਹ ਪਤਾ ਲੱਗੇਗਾ, ਇਸ ਤੋਂ ਅੱਗੇ ਕਹਾਣੀਕਾਰ, ਕਹਾਣੀ ਬਿਰਤਾਂਤ ਨੂੰ ਥੋੜ੍ਹਾ ਗੁੰਝਲਦਾਰ ਕਰਨ ਲਈ ਸਿਮਰਨ ਬਾਰੇ ਜਾਣਕਾਰੀ ਦਿੰਦਾ ਹੋਇਆ ਹੇਠ ਲਿਖੇ ਵੇਰਵੇ ਸਪੱਸ਼ਟ ਕਰਦਾ ਹੈ ਕਿ –

- ਸਿਮਰਨ, ਸੈਹਬ ਜੀਆਂ ਦੀ ਇੱਕੋ ਇੱਕ ਵਿਆਹੁਣਯੋਗ ਧੀ ਹੈ ਜਿਹੜੀ ਆਪਣੀ ਮਾਂ ਨਾਲ ਅਮਰੀਕਾ ਰਹਿੰਦੀ ਹੈ,
- ਉਸਦੇ ਵਿਆਹ ਦੀ ਗੱਲ ਸੁਮੀਤ ਨਾਲ ਚੱਲਦੀ ਹੈ ।

ਇਸ ਤੋਂ ਅੱਗੇ ਕਹਾਣੀਕਾਰ ਕਹਾਣੀ ਦੇ ਅਗਾਂਹ ਵੱਲ ਸੰਚਾਰ ਨੂੰ ਰੋਕ ਕੇ ਕਹਾਣੀ ਬਿਰਤਾਂਤ ਨੂੰ ਥੋੜ੍ਹਾ ਠਰ੍ਹੰਮਾ ਦੇਣ ਲਈ ਵਿਅੰਗਾਤਮਕ ਤੋਰ ਉੱਤੇ ਸੁਮੀਤ ਦੇ ਚਰਿਤਰਕ ਖਾਸੇ ਦੇ ਦੁਹਰਾਓ ਲੇਬਲ ਤਹਿਤ ਉਚਾਰੇ ਖੁੱਲ੍ਹੇ ਮੋਟਿਫ਼ ਉਤਪੰਨ ਕਰਦਾ ਹੈ । ਇਸ ਤੋਂ ਅੱਗੇ ਕਹਾਣੀਕਾਰ ਰੁਕੀ ਹੋਈ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ ਹੇਠ ਲਿਖੇ ਮੋਟਿਫ਼ ਪੇਸ਼ ਕਰਦਾ ਹੈ –

> ਪਰ ਸਿਮਰਨ ਅਮਰੀਕਾ ਤੋਂ ਔਣਾ ਹੀ ਨਹੀਂ ਸੀ ਚੌਂਹਦੀ ... ਬਹੁਤ ਲੇਲੇ ਪੇਪੇ ਕਰਨੇ ਪਏ ... ਤੇਰੇ ਬਿਨਾਂ ਮੇਰਾ ਕੌਣ ਐ ? ਵਿਆਹ ਵੀ ਤਾਂ ਇੰਡੀਆ 'ਚ ਹੀ ਕਰਾਏਗੀ ਤੂੰ ... ਤੇਰੇ ਲਈ ਬੌਹਤ ਮੁੰਡੇ ਦੇਖੇ ਨੇ ਮੈਂ ... ਤੂੰ ਇਕ ਵਾਰ ਜ਼ਰੂਰ ਆ ... ।[38]

ਉਪਰੋਕਤ ਗਤੀਸ਼ੀਲ ਮੋਟਿਫ਼ ਪੇਸ਼ ਹੋ ਰਹੀ ਕਹਾਣੀ ਦੇ ਇਡੀਆ ਵਿਚਲੇ ਕਿਸੇ ਡੇਰੇ ਵਿੱਚ ਵਾਪਰਨ ਦੇ ਵਿਰੋਪਨ ਨੂੰ ਸਪੱਸ਼ਟ ਕਰਦੇ ਹੋਏ ਗਾਲਪਨਿਕ ਮੋਟਿਫ਼ ਦੇ ਤੌਰ ਉੱਤੇ ਕਈ ਰੀਮਕ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ –

- ਹੋ ਸਕਦਾ ਸਿਮਰਨ ਨਿੱਕੇ ਬੀਬੀ ਸੈਹਬਾ ਦੀਆਂ ਗੱਲਾਂ ਵਿੱਚ ਆ ਕੇ ਇੰਡੀਆ ਆ ਜਾਵੇ,
- ਇਹ ਵੀ ਹੋ ਸਕਦਾ ਉਹ ਨਾ ਆਵੇ,
- ਇਕ ਸੰਭਾਵਨਾ ਰਲੀ ਮਿਲੀ ਇਹ ਵੀ ਹੋ ਸਕਦੀ ਹੈ ਕਿ ਨਿੱਕੇ ਬੀਬੀ ਸੈਹਬਾ ਇੰਡੀਆ ਤਾਂ ਨਾ ਆਵੇ, ਪਰ ਨਿੱਕੇ ਬੀਬੀ ਸੈਹਬਾ ਨੂੰ ਇੰਡੀਆ ਆਉਣ ਲਈ ਹਾਂ ਕਰ ਦੇਵੇ,

ਕਹਾਣੀਕਾਰ ਕਹਾਣੀ ਦੀ ਬਿਰਤਾਂਤਕ ਤੋਰ ਨੂੰ ਅੱਗੇ ਵਿਕਾਸ ਕਰਨ ਲਈ ਉਪਰੋਕਤ ਪੈਦਾ ਹੋਈਆਂ ਥੀਮਕ ਸੰਭਾਵਨਾਵਾਂ ਵਿੱਚੋਂ ਤੀਜੀ ਥੀਮ ਨੂੰ ਅਗਲੇ ਮੋਟਿਫ਼ਾਂ ਦੇ ਵਿਕਾਸ ਲਈ ਚੁਣ ਲੈਂਦਾ ਹੈ।ਜੋ ਥੀਮ ਬਣ ਕੇ ਅੱਗੇ ਤੁਰ ਪੈਂਦੀ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ -

ਆਖਰ ਓਹ ਮੰਨ ਗਈ ਤੇ ਉਹ ਆ ਰਹੀ ਸੀ ... ।

ਮੇਰੀ ਟੈਂਸਨ ਵੱਧ ਗਈ ਐ ਤੇ ਕਸ਼ਮਕਸ਼ ਵੀ ... ਕਦੇ ਸੋਚਦੀ ਆਂ ਹੁਣ ਪਤਾ ਲੱਗੂ ਸੈਹਬ ਜੀਆਂ ਨੂੰ ... ਹੁਣ ਠੰਡ ਪਊ ਮੇਰੇ ... ।[39]

ਉਪਰੋਕਤ ਗਤੀਸ਼ੀਲ ਮੋਟਿਫ਼ ਕਹਾਣੀਕਾਰ ਦੀ ਚੁਣੀ ਹੋਈ ਥੀਮ ਦੀ ਗਵਾਹੀ ਭਰਦੇ ਅੱਗੋਂ ਕੀ ਹੋਵੇਗਾ ਤਹਿਤ ਉਤਸੁਕਤਾ ਨੂੰ ਤੀਬਰ ਕਰਦੇ ਹੋਏ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਣ ਲਈ ਮਜ਼ਬੂਰ ਕਰਦੇ ਹਨ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਵਿਚ ਤਣੇ ਮਾਹੌਲ ਨੂੰ ਥੋੜ੍ਹਾ ਠਰ੍ਹੰਮਾ ਦੇਣ ਲਈ, ਪਿਛਲਝਾਤ ਦੀ ਜੁਗਤ ਰਾਹੀਂ, ਵਰਤਮਾਨ ਤੋਂ ਅਤੀਤ ਵੱਲ ਕਹਾਣੀ ਨੂੰ ਤੋਰਦਾ ਹੋਇਆ ਸੈਹਬ ਜੀਆਂ ਦੇ ਮਾੜੇ ਚਰਿਤਰ ਅਤੇ ਉਹਨਾਂ ਦੇ ਡੇਰੇ ਵਿੱਚ ਹੋਣ ਵਾਲੇ ਕਹਿਰ ਭਰੇ ਗ਼ੈਰ ਸਮਾਜਿਕ ਕਰਮ ਬਾਰੇ ਜਾਣਕਾਰੀ ਦਿੰਦਾ ਕਹਾਣੀ ਬਿਰਤਾਂਤ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਪਰ ਇਸ ਤੋਂ ਐਨ ਤੁਰੰਤ ਬਾਅਦ ਕਹਾਣੀਕਾਰ ਰੁਕੀ ਹੋਈ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ 'ਮੌਕਾ ਮੇਲ' ਦੀ ਜੁਗਤ ਰਾਹੀਂ ਹੇਠ ਲਿਖੇ ਵੇਰਵੇ ਸਪੱਸ਼ਟ ਕਰਦਾ ਹੈ -

- ਨਿੱਕੇ ਬੀਬੀ ਸੈਹਬਾ ਵਲੋਂ ਗੁੱਸੇ ਵਿਚ ਸੈਹਬ ਜੀਆਂ ਤੋਂ ਬਦਲਾ ਲੈਣ ਲਈ ਸੋਚਣ ਦੇ ਮੋਟਿਫ਼
- ਮੌਕੇ ਉੱਤੇ ਸੁਮੀਤ ਦੇ ਨਿੱਕੇ ਬੀਬੀ ਸੈਹਬਾ ਕੋਲ ਆਉਣ ਦੇ ਮੋਟਿਫ਼
- ਨਿੱਕੇ ਬੀਬੀ ਸੈਹਬਾ ਵਲੋਂ ਸੈਹਬ ਜੀਆਂ ਤੋਂ ਬਦਲਾ ਲੈਣ ਲਈ ਸਿਮਰਨ ਨੂੰ ਸਾਧਨ ਵਜੋਂ ਵਰਤਣ ਲਈ ਸੋਚੀ ਗੁਪਤ ਗੱਲ ਦੇ ਮੱਲੋਂ ਮੱਲੀਂ ਮੂਹੋਂ ਨਿਕਲਣ ਦੇ ਮੋਟਿਫ਼

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਣ ਲਈ ਮੌਕਾਮੇਲ ਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ ਨਿੱਕੇ ਬੀਬੀ ਸੈਹਬਾ ਵੱਲੋਂ ਸੈਹਬ ਜੀਆਂ ਤੋਂ ਬਦਲਾ ਲੈਣ ਲਈ ਉਨ੍ਹਾਂ ਦੀ ਲੜਕੀ ਸਿਮਰਨ ਪ੍ਰਤੀ ਬੁਣੇ ਜਾਲ ਦੀ ਨਿਸ਼ਾਨਦੇਹੀ ਕਰਦੇ ਹੋਏ ਵਿਕਾਸ ਕਰਦੇ ਹਨ ਜਿਸ ਤੋਂ ਅਸੀਂ ਅਗਾਂਹ ਸੁਮੀਤ ਅਤੇ ਨਿੱਕੇ ਬੀਬੀ ਸੈਹਬਾ ਦੇ ਆਪਸੀ ਸਵਾਲ ਜਵਾਬ ਦੀ ਸੰਵਾਦੀ ਜੁਗਤ ਦੇ ਮੋਟਿਫ਼ਾਂ ਵਿੱਚ ਦੇਖਦੇ ਹਾਂ —

''ਕੀ ਕਰੋਗੇ ਤੁਸੀਂ ਸਿਮਰਨ ਨਾਲ ... ?''

''ਮੈਂ ਭੇਜੂੰ ਓਹਨੂੰ ਪਸ਼ੂਵਾੜੇ 'ਚ ... ।''

''ਓੱਥੇ ਓਹਦਾ ਕੋਈ ਕੀ ਵਗਾੜ ਲੂ ?''

''ਓੱਥੇ ? ਓੱਥੇ ਉਹ ਸੇਵਾਦਾਰ ਨੇ ਜਿਹੜੇ ਕੱਟੀਆਂ ਨਾਲ 'ਇੰਟਰਕੋਰਸ' ਕਰਦੇ ਨੇ ... ।''[40]

ਸਵਾਲ ਜਵਾਬ ਦੀ ਸੰਵਾਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਗਤੀਸ਼ੀਲ ਮੋਟਿਫ਼ ਨਿੱਕੇ ਬੀਬੀ ਸੈਹਬਾ ਵਲੋਂ ਆਪਣੇ ਨਾਲ ਹੋਈ ਵਧੀਕੀ ਦਾ ਬਦਲਾ ਲੈਣ ਲਈ ਸੈਹਬ ਜੀਆਂ ਨੂੰ **'ਇੱਟ ਦਾ ਜੁਆਬ ਪੱਥਰ'** ਦੇਣ ਦੇ ਪ੍ਰਭਾਵ ਨੂੰ ਸਪੱਸ਼ਟ ਕਰਦੇ ਹੋਏ ਕਹਾਣੀ ਬਿਰਤਾਂਤ ਨੂੰ ਅੱਗੇ ਤੋਰਦੇ ਹਨ । ਇਸ ਤੋਂ ਅਗਾਂਹ ਨਿੱਕੇ ਬੀਬੀ ਸੈਹਬਾ ਅਤੇ ਸੁਮੀਤ ਦੀ ਆਪਸੀ ਵਾਰਤਾਲਾਪ ਦੇ ਸੰਵਾਦੀ ਮੋਟਿਫ਼ਾਂ ਤਹਿਤ ਇੰਟਰਕੋਰਸ, ਇੰਟਲੈਕੂਚਅਲ ਇੰਟਰਕੋਰਸ, ਸੈਕਸੂਅਲ ਇੰਟਰਕੋਰਸ ਸ਼ਬਦਾਂ ਉੱਤੇ ਹੋਈ ਬਹਿਸ ਦੇ ਮੋਟਿਫ਼ ਖੁੱਲ੍ਹੇ ਮੋਟਿਫ਼ ਹਨ । ਜਿਨ੍ਹਾਂ ਨੂੰ ਕਹਾਣੀ ਵਿੱਚੋਂ ਖਾਰਜ ਕਰਨ ਨਾਲ ਕਹਾਣੀ ਸੰਗਠਨ ਉਪਰ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ । ਪਰ ਰਚਨਾ ਵਿੱਚ ਇਨ੍ਹਾਂ ਖੁੱਲ੍ਹੇ ਮੋਟਿਫ਼ਾਂ ਦੀ ਸਾਰਥਕਤਾ ਨੂੰ ਇਨਕਾਰਿਆ ਵੀ ਨਹੀਂ ਜਾ ਸਕਦਾ ਕਿਉਂਕਿ ਆਮ ਤੌਰ ਤੇ ਖੁੱਲ੍ਹੇ ਮੋਟਿਫ਼ ਕਿਸੇ ਬੱਝੇ ਮੋਟਿਫ਼ ਦੇ ਵਿਕਾਸ ਹਿੱਤ ਵਰਤੇ ਜਾਂਦੇ ਹਨ ।[41] ਇਸ ਤੋਂ ਅਗਾਂਹ ਸੁਮੀਤ ਦੇ ਇਹ ਬੋਲ –

> ''ਮਾਫ਼ ਕਰਨਾ 'ਰੇਪ' ਬਾਰੇ ਤੁਸੀਂ ਵੀ ਕੁੱਝ ਨਹੀਂ ਜਾਣਦੇ ...।'' ... ਜੋ ਕੁਝ ਤੁਹਾਡੇ ਨਾਲ ਹੋਇਆ ਓਸ ਵਿੱਚ ਤੁਹਾਡੀ ਮਰਜ਼ੀ ਨਹੀਂ ਸੀ ਬੱਸ ... ਅਜੇਹੇ 'ਰੇਪ' ਏਥੇ ਸੌ ਵਿਆਹੁਤਾ ਜੋੜੀਆਂ ਚੋਂ ਸਤਾਨਵੇਂ ਨਾਲ ਹੁੰਦੇ ਨੇ ... ਸੌ ਚੋਂ ਸਤਾਨਵੇਂ ਸਮਝੇ ...।''[42]

ਕਹਾਣੀ ਬਿਰਤਾਂਤ ਨੂੰ ਆਸੇ ਪਾਸੇ ਖਿਲਾਰਦੇ ਉਪਰੋਕਤ ਮੋਟਿਫ਼ ਹੋਏ ਭਾਰਤੀ ਸਮਾਜ ਅੰਦਰ ਔਰਤ ਅਤੇ ਮਰਦ ਨੂੰ ਉਹਨਾਂ ਦੇ ਗ੍ਰਹਿਸਤੀ ਜੀਵਨ ਵਿਚ ਹਾਣ-ਪਰਵਾਨ ਦੇ ਦਿਲ ਚਾਹੇ ਸਾਥੀ ਨਾ ਮਿਲਣ ਉੱਤੇ ਵਿਅੰਗ ਕਰਦੇ ਹੋਏ ਹੇਠ ਲਿਖੇ ਮੋਟਿਫ਼ਾਂ ਨੂੰ ਪੇਸ਼ ਕਰਦੇ ਹਨ -

> ''ਮਾਫ਼ ਕਰਨਾ, ਬੇਸ਼ੱਕ ਤੁਹਾਨੂੰ ਬੁਰਾ ਲੱਗੇ ਪਰ ਮੈਂ ਕੈਹ ਦੇਣਾ ਚਾਹੁੰਨਾਂ ਅੱਜ, ਬਹੁਤ ਸਮਾਂ ਹੋ ਗਿਐ ਹੁਣ, ਰੇਪ ਰੇਪ ਚਿੱਲੋਣਾ ਬੰਦ ਕਰੋ, ਸਮਝੇ, ਤੇ ਕਿਸੇ ਓਸ ਨੂੰ ਮਿਲੋ ਜਿਸ ਨਾਲ ਸੱਚਮੁੱਚ ਰੇਪ ਹੋਇਆ ਹੋਵੇ, ਫੇਰ ਪਤਾ ਲੱਗੂ ਕਿ 'ਰੇਪ' ਕੀ ਖੋਹ ਲੈਂਦੇ, ਸਮਝੈ ... ?''
>
> ''... ਮਾਫ਼ ਕਰਨਾ ਤੁਹਾਡੇ ਏਸ 'ਸੋ ਕਾਲ ਰੇਪ' ਨੇ ਬਹੁਤ ਕੁਝ ਦਿੱਤੈ ਏਹ ਤਾਮ-ਝਾਮ ... ਏਹ ਨਾਮ ... ਏਹ ਸੱਭ ... ਸਮਝੇ ...।''

''ਮੈਂ ਸੋਚਦਾ ਰੈਂਹਦਾ ਸਾਂ ਕਿ ਤੁਸੀਂ ਏਥੇ ਕਿਵੇਂ ਰਹੀ ਜਾਨੇਂ ਓਂ, ਏਸ ਜਗਾ 'ਅਣਫਿੱਟ' ਓਂ ਤੁਸੀਂ, ਪਰ ਨਹੀਂ, ਤੁਸੀਂ ਜ਼ਿਆਦਾ ਫਿੱਟ ਓਂ, ਮਾਫ ਕਰਨਾ ਜ਼ਿਆਦਾ ਖ਼ਤਰਨਾਕ ਵੀ, ਸਮਝੇ'',

''ਮੈਂ ਜੋ ਆਪਣੇ ਫਾਦਰ ਤੇ ਸੈਹਬ ਜੀਆਂ ਦੇ ਜ਼ੋਰ ਲੌਣ 'ਤੇ ਵੀ ਏਧਰ ਮੂੰਹ ਨਹੀਂ ਸਾਂ ਕਰਦਾ, ਤੁਹਾਥੋਂ ਮਾਤ ਖਾ ਗਿਆ ...।''[43]

ਵਰਤਮਾਨ ਅਤੇ ਅਤੀਤ ਕਾਲਕ ਵੇਰਵਿਆਂ ਨੂੰ ਇਕੋ ਸਮੇਂ ਪੇਸ਼ ਕਰਦੇ ਸੰਵਾਦੀ ਜੁਗਤ ਦੇ ਉਪਰੋਕਤ ਮੋਟਿਫ਼ਾਂ ਨੂੰ ਅਸੀਂ ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ ਤਹਿਤ ਵਿਚਾਰ ਸਕਦੇ ਹਾਂ। ਜਦੋਂ ਵਾਕਾਂ ਵਿੱਚ ਮੋਟਿਫ਼ਾਂ ਦੀ ਪ੍ਰਕਿਰਤੀ ਵਿਰੋਧ ਵਾਲੀ ਹੋਵੇ ਤਾਂ ਉਹਨਾਂ 'ਮੋਟਿਫ਼ਾਂ' ਨੂੰ ਵਿਰੋਧੀ ਪ੍ਰਵਿਰਤੀ ਵਾਲੇ ਗਤੀਸ਼ੀਲ ਮੋਟਿਫ਼ ਮੰਨਿਆ ਜਾ ਸਕਦਾ ਹੈ ।[44] ਉਪਰੋਕਤ ਮੋਟਿਫ਼ਾਂ ਵਿੱਚ ਸੁਮੀਤ ਦਾ ਨਿੱਕੇ ਬੀਬੀ ਸੈਹਬਾ ਪ੍ਰਤੀ ਉਚਾਰ ਵਿਰੋਧੀ ਪ੍ਰਕਿਰਤੀ ਵਾਲਾ ਹੈ । ਜੋ ਕਹਾਣੀ ਦੀ ਬਿਰਤਾਂਤ ਤੋਰ ਨੂੰ ਅੱਗੇ ਤੋਰਦਾ ਅਗਾਂਹ ਵਾਪਰਨ ਵਾਲੇ ਮੋਟਿਫ਼ਾਂ ਦੀ ਦਿਸ਼ਾ ਨਿਰਧਾਰਿਤ ਕਰਦਾ ਹੋਇਆ ਵਿਕਾਸ ਕਰਦਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ —

... ਸੁਮੀਤ ਕੀ ਕੀ ਬੋਲ ਗਿਐ । ਕਰੋਧ ਦਿਮਾਗ ਨੂੰ ਚੜ੍ਹਿਐ, ਭੈਣ ਚੋ ਐਥੇ ਆ ਕੇ ਬੋਲ ਗਿਆ ... ਗੁਰੂ ਘਰ 'ਚ ... ਮੇਰੇ ਗੁਰੂ ਘਰ 'ਚ ... ਕਾਂਤੀ ... ਈ, ਗੱਡੀ ਕੱਢਾਅ ... ਜਿਪਸੀ ਵੀ, ਤੇ ਸਾਰੇ ਮੁੰਡੇ ... ਏਸ ਵੱਡੇ ਸਿਧਾਂਤਕਾਰ ਦੀ ਭੈਣ ਦੇ ... ਦੇ ਕੇ ਆਵਾ ।'' ... ਮੈਂ ਏਹਨੂੰ ਕੀ ਸਮਝਦੀ ਸੀ ਤੇ ਏਹ ਸਾਲਾ ... ਸਾਲਾ ਕੰਮ ਦਾ ਨਾ ਕਾਰ ਦਾ ... ਜੱਬਾਂ ਦੇ ਭੇੜ ਤੋਂ ਬਿਨਾਂ ਕੱਖ ਪੱਲੇ ਨੀ ਸਾਲੇ ਦੇ ਧੌਂਸ ਐਂ ਦਿੰਦੇ ਸਾਲਾ ਜਿਵੇਂ ਮਹਾਰਾਜਾ ਪਟਿਆਲਾ ਹੋਵੇ ... ਸਾਲਾ ਖੁਸਰਾ ਭੈਣ ਚੋ ... ।[45]

ਨਿੱਕੇ ਬੀਬੀ ਸੈਹਬਾ ਦੇ ਮਨ ਦੀਆਂ ਅੰਤਰੀਵ ਪਰਤਾਂ ਨੂੰ ਉਘਾੜਦੇ ਉਪਰੋਕਤ ਗਤੀਸ਼ੀਲ ਮੋਟਿਫ਼ ਜਿੱਥੇ ਕਹਾਣੀ ਵਿੱਚ ਪੇਸ਼ ਹੋਈਆਂ ਸਾਰੀਆਂ ਗੁੰਝਲਾਂ ਦਾ ਹੱਲ ਕਰਦੇ ਹੋਏ ਵਿਕਾਸ ਕਰਦੇ ਹਨ ਉਥੇ ਨਿੱਕੇ ਬੀਬੀ ਸੈਹਬਾ ਦੀ ਕੁਦਰਤੀ ਕਾਮ ਦੀ ਅਤ੍ਰਿਪਤੀ ਕਾਰਨ ਪੈਦਾ ਹੋਏ ਵਿਦਰੋਹ ਦੀ ਦ੍ਰਿੜਤਾ ਵਜੋਂ ਬਦਲੇ ਦੀ ਭਾਵਨਾ ਨੂੰ ਉਜਾਗਰ ਕਰਦੇ ਹੋਏ ਇਹ ਪ੍ਰਭਾਵ ਵਿਗੋਪਤ ਕਰਦੇ ਹਨ ਕਿ ਨਿੱਕੇ ਬੀਬੀ ਸੈਹਬਾ ਨਾਲ ਬੁੱਢੇ ਸਾਧ ਵਲੋਂ ਰੇਪ ਕਰਨ ਨਾਲ ਉਸ ਦੀ ਕਾਮਰੱਤੀ ਜਵਾਨੀ ਦੀ ਭੁੱਖ ਸੰਤੁਸ਼ਟ ਨਹੀਂ ਹੁੰਦੀ ਇਸੇ ਲਈ ਉਹ ਬਿਨਾਂ ਗੰਨਮੈਨਾਂ ਤੋਂ ਜਵਾਨ ਸੁਮੀਤ ਨੂੰ ਮਿਲਣ ਜਾਂਦੀ ਹੁੰਦੀ ਸੀ ਕਿ ਸੁਮੀਤ ਉਸਦੀਆਂ ਭਾਵਨਾਵਾਂ ਨੂੰ ਸਮਝੇ

। ਪਰ ਸੁਮੀਤ ਵਲੋਂ ਉਸਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਜੋਂ ਹੀ ਨਿੱਕੇ ਬੀਬੀ ਵਿੱਚ ਵਿਦਰੋਹ ਦੀ ਭਾਵਨਾ ਉਤਪੰਨ ਹੁੰਦੀ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

> ਸਾਲਾ ਅਜੇ ਕੱਲ ਤਕ ਭੈਣ ਚਦੋਂਦਾ ਰਿਹੈ ਕਿ 'ਰੇਪ' ਤਾਂ ਅਮਰੀਕਾ ਕਰ ਰਿਹੈ ਸਾਰੀ ਦੁਨੀਆ ਨਾਲ ਤੇ ਅੱਜ ਅਮਰੀਕਾ ਤੇ ਫ਼ਿਦਾ ਹੋਇਐ ਫਿਰਦੈ ... ਸਾਲਾ ਰੂਸ ਦਾ ... ਢੋਕਾ ਸਿਮਰਨ ਦਾ ... ਮੈਂ ਦਿੰਨੀਆਂ ਤੈਨੂੰ ਸਿਮਰਨ ਦਾ ਡੋਲਾ ... ।[46]

ਵਿਅੰਗਾਤਮਕ ਤੌਰ ਉੱਤੇ ਪੇਸ਼ ਹੋਏ ਉਪਰੋਕਤ ਮੋਟਿਫ਼ 'ਆਖਾਂ ਨੂੰਹ ਨੂੰ ਸਮਝਾਵਾ ਧੀ ਨੂੰ' ਦੀ ਵਿਧੀ ਅਨੁਸਾਰ ਇਕੋ ਸਮੇਂ ਕਈ ਵੇਰਵਿਆਂ ਨੂੰ ਅਭਿਵਿਅਕਤ ਕਰਦੇ ਹੋਏ ਨਿੱਕੇ ਬੀਬੀ ਸੈਹਬਾ ਦੇ ਸੁਮੀਤ ਪ੍ਰਤੀ ਝੁਕਾਅ, ਸੁਮੀਤ ਦੇ ਸਿਮਰਨ ਪ੍ਰਤੀ ਝੁਕਾਅ ਅਤੇ ਸੁਪਰ ਪਾਵਰ ਅਮਰੀਕਾ ਵਲੋਂ ਸਾਰੀ ਦੁਨੀਆ ਨੂੰ ਆਪਣੇ ਦਬਾਅ ਹੇਠ ਰੱਖਣ ਦੀ ਅੰਤਰ-ਰਾਸ਼ਟਰੀ ਨੀਤੀ ਦੇ ਪ੍ਰਭਾਵ ਨੂੰ ਸਪੱਸ਼ਟ ਕਰਦੇ ਹਨ । ਇਸ ਤੋਂ ਅਗਾਂਹ ਕਹਾਣੀ ਬਿਰਤਾਂਤ ਦੇ ਅਖੀਰੀ ਮੋਟਿਫ਼ ਹਨ –

> ਤੈਨੂੰ ਭੈਣ ਦਿਆ ਯਾਰਾ ਮੈਂ ਸਮਝੌਨੀਆਂ 'ਰੇਪ' ਦੇ ਅਰਥ ... ਮੈਂ ਕਦੋਂ ਕੈਂਹਨੀਆਂ ਸਾਲਿਆ ਕਿ ਜੀਹਦੇ ਨਾਲ 'ਰੇਪ' ਹੁੰਦੈ ਓਹ 'ਇੰਜੁਆਏ' ਕਰਦੈ, ਮੈਂ ਕੈਹਨੀਆਂ ਕਿ ਜਿਹੜਾ ਰੇਪ ਕਰਦੈ ਓਹ ਇੰਜੁਆਏ ਕਰਦੈ ... ਤੇ ਮੈਂ ਅੱਜਕੱਲ ਰੇਪ ਨੂੰ ਇੰਜੁਆਏ ਕਰਦੀ ਆਂ ... ਹੋਰ ਕਿੰਨਾ ਕੁੱਛ ਇੰਜੁਆਏ ਕਰਦੀ ਆਂ ਓਹ ਦੱਸਦੀਆਂ ਤੈਨੂੰ ਆ ਕੇ ... ਅੱਜ ਟੱਕਰਦੀਆਂ ਤੈਨੂੰ ਭੈਣ ਚੋ ...।[47]

ਕਹਾਣੀ ਦੇ ਅਖੀਰ ਵਿੱਚ ਪੇਸ਼ ਹੋਏ ਕੇਂਦਰੀ ਪਾਤਰ ਦੇ ਉਪਰੋਕਤ ਬੋਲ ਜਿੱਥੇ ਨਿੱਕੇ ਬੀਬੀ ਸੈਹਬਾ ਦੇ ਕਹਾਣੀ ਵਿੱਚ ਆਕਰਮਣਕਾਰੀ ਰੋਲ ਨੂੰ ਆਪਣੇ ਕਲੇਵੇਂ ਵਿੱਚ ਲੈਂਦੇ ਹੋਏ ਤਾਕਤਵਾਰ ਵਰਗ ਵਲੋਂ ਨੀਵੇਂ ਵਰਗ ਉੱਤੇ ਕੀਤੇ ਜਾਂਦੇ ਸ਼ੋਸ਼ਣ ਨੂੰ ਵਿਅੰਗਾਤਮਕ ਤੌਰ ਤੇ ਸਪੱਸ਼ਟ ਕਰਦੇ ਹਨ ਉੱਥੇ **ਬੂਮਰਿੰਗ ਜੁਗਤ** ਰਾਹੀਂ ਕਹਾਣੀ ਬਿਰਤਾਂਤ ਨੂੰ ਪੁੱਠਾ ਗੇੜ ਦਿੰਦੇ ਹੋਏ ਕਹਾਣੀ ਦੇ ਸ਼ੁਰੂ ਵਿੱਚ ਪੈਦਾ ਹੋਏ ਮਾਹੌਲ ਨੂੰ ਫੇਰ ਤੋਂ ਉਜਾਗਰ ਕਰਦੇ ਹਨ ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਨੇਕਾਂ ਥੀਮਕ ਵੇਰਵਿਆਂ ਵਾਲੀ ਇਸ ਬਹੁ-ਅਰਥੀ, ਬਹੁ-ਪਰਤੀ, ਜਟਿਲ ਸੰਰਚਨਾ ਵਾਲੀ ਸਨਸਨੀ ਭਰਪੂਰ ਕਹਾਣੀ ਦਾ ਬਿਰਤਾਂਤ ਡੇਰਾ ਸਭਿਆਚਾਰ ਦੇ ਅਸਲ ਕੋਹਜ ਨੂੰ ਅਭਿਵਿਅਕਤ ਕਰਦਾ ਹੋਇਆ ਔਰਤ ਮਨ ਦੇ ਤਾਕਤੀਕਰਣ ਦੀਆਂ ਅੰਤਰੀਵ ਪਰਤਾਂ ਫਰੋਲਦਾ, ਵੱਖ ਵੱਖ ਮੋਟਿਫ਼ਾਂ ਅਤੇ ਕਲਾਤਮਕ ਜੁਗਤਾਂ ਦੁਆਰਾ ਹਰ ਕਿਸਮ ਦੀ ਸਨਸਨੀ ਵਿਚੋਂ ਲੰਘਦਾ ਹੋਇਆ ਵੀ ਆਪਣੇ

ਕੇਂਦਰੀ ਸੰਦੇਸ਼ ਦੀ ਇਕਾਗਰਤਾ ਨੂੰ ਭੰਗ ਨਹੀਂ ਹੋਣ ਦਿੰਦਾ, ਜੋ ਇਸ ਕਹਾਣੀ ਦੀ ਪਾਠਕ ਨੂੰ ਆਚੰਭਿਤ ਅਤੇ ਆਕਰਸ਼ਤ ਕਰਨ ਵਾਲੀ ਵਿਲੱਖਣ ਕਲਾ-ਜੁਗਤ ਹੈ।

ਵਿਚਾਰਧੀਨ ਕਹਾਣੀ ਦਾ ਗੰਭੀਰਤਾ ਸਹਿਤ ਅਧਿਐਨ ਕਰਨ ਉਪਰੰਤ ਅਸੀਂ ਇਸ ਨਤੀਜੇ ਉਪਰ ਪਹੁੰਚਦੇ ਹਾਂ ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਮੋਟਿਫ਼ ਨਿਰੋਲ ਨਵੇਂ ਨਹੀਂ ਸਗੋਂ ਲੋਕ-ਬਿਰਤਾਂਤਾਂ ਦੇ ਮੋਟਿਫ਼ ਹੀ ਸਮੇਂ ਦੀ ਲੋੜ ਅਨੁਸਾਰ ਬਦਲੇ ਹੋਏ ਰੂਪ ਵਿੱਚ ਪੇਸ਼ ਹੋਏ ਹਨ । ਕਿਉਂਕਿ ਕਈ ਵਾਰ ਗਲਪਕਾਰ ਆਪਣੇ ਅਵਚੇਤਨ ਮਨ ਵਿੱਚ ਪਏ ਲੋਕ ਬਿਰਤਾਂਤਾਂ ਦੇ ਮੋਟਿਫ਼ਾਂ ਨੂੰ ਨਵੇਂ ਪ੍ਰਸੰਗ ਵਿੱਚ ਵਰਤ ਲੈਂਦੇ ਹਨ । ਇਸ ਰੂਪ-ਬਦਲੀ ਨੂੰ ਆਲੋਚਨਾਤਮਕ ਸ਼ਬਦਾਵਲੀ ਵਿੱਚ ਸਥਾਨੰਤਰਣ (ਣਜਤਬ;ਫਕਠਕਅਵ) ਕਿਹਾ ਜਾਂਦਾ ਹੈ ।[48] ਇਸ ਨੂੰ ਅਸੀਂ ਹੇਠ ਸੂਚੀ ਦੀ ਸਹਾਇਤਾ ਰਾਹੀਂ ਸਮਝਿਆ ਜਾ ਸਕਦਾ ਹੈ –

| **ਲੋਕ ਬਿਰਤਾਂਤ (ਪੂਰਨ ਭਗਤ)** | **'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ'** |
|---|---|
| • ਲੂਣਾ (ਕੇਂਦਰੀ ਪਾਤਰ) | • ਨਿੱਕੇ ਬੀਬੀ ਸੈਹਬਾ (ਕੇਂਦਰੀ ਪਾਤਰ) |
| • ਬੁੱਢਾ ਸਲਵਾਨ | • ਬੁੱਢਾ ਸਾਧ |
| • ਰਾਣੀ ਇਛਰਾਂ | • ਸਾਧ ਦੀ ਅਮਰੀਕਾ ਰਹਿੰਦੀ ਘਰ ਵਾਲੀ |
| • ਲੂਣਾ ਦਾ ਰਾਜੇ ਵਰਮਨ ਦੇ ਜਨਮ ਦਿਹਾੜੇ ਉੱਤੇ ਰਾਜੇ ਦੀ ਲੰਬੀ ਉਮਰ ਲਈ ਦੁਆ ਕਰਨ ਲਈ ਚੁਣੀ ਜਾਣਾ/ਸਲਵਾਨ ਵਲੋਂ ਭੇਡਾਂ ਨੂੰ ਜ਼ਿਬ੍ਹਾ ਕਰਨ ਦੀ ਰਸਮ ਅਦਾ ਕਰਨ ਜਾਣਾ/ਸਲਵਾਨ ਵਲੋਂ ਲੂਣਾ ਨੂੰ ਮੰਗਣਾ | • ਨਿੱਕੇ ਬੀਬੀ ਸੈਹਬਾ ਦਾ ਸਾਧ ਦੇ ਭਰਾ ਨੂੰ ਮੰਗੀ ਹੋਣਾ/ਭਰਾ ਦੀ ਮੌਤ ਤੋਂ ਬਾਅਦ ਸਾਧ ਵਲੋਂ ਨਿੱਕੇ ਬੀਬੀ ਸੈਹਬਾ ਨੂੰ ਉਸਦੇ ਮਾਤਾ ਪਿਤਾ ਕੋਲੋਂ ਮੰਗਣਾ |
| • ਲੂਣਾ ਦੇ ਮਾਤਾ ਪਿਤਾ ਵਲੋਂ ਧੰਨ ਦੇ ਲਾਲਚ ਵਿੱਚ ਉਸਨੂੰ ਸਲਵਾਨ ਨਾਲ ਵਿਆਉਣਾ | • ਨਿੱਕੇ ਬੀਬੀ ਸੈਹਬਾ ਦੇ ਮਾਤਾ ਪਿਤਾ ਵਲੋਂ ਅਮਰੀਕਾ ਜਾਣ ਦੇ ਲਾਲਚ ਵਸ ਉਸਨੂੰ ਡੇਰੇ ਵਿੱਚ ਮੱਥਾ ਟੇਕਣਾ |
| • ਲੂਣਾ ਵਲੋਂ ਅਣਜੋੜ ਵਿਆਹ ਨੂੰ ਬਰਦਾਸ਼ਤ ਨਾ ਕਰਨਾ | • ਨਿੱਕੇ ਬੀਬੀ ਸੈਹਬਾ ਵਲੋਂ ਰੇਪ ਨੂੰ ਬਰਦਾਸ਼ਤ ਨਾ ਕਰਨਾ |
| • ਬੁੱਢੇ ਸਲਵਾਨ ਵਲੋਂ ਲੂਣਾ ਦੀ ਕੁਦਰਤੀ ਕਾਮ ਦੀ ਭੁੱਖ ਸੰਤੁਸ਼ਟ ਨਾ ਹੋਣਾ | • ਬੁੱਢੇ ਸਾਧ ਵਲੋਂ ਨਿੱਕੇ ਬੀਬੀ ਸੈਹਬਾ ਦੀ ਕੁਦਰਤੀ ਕਾਮ ਦੀ ਭੁੱਖ ਸੰਤੁਸ਼ਟ |

| | |
|---|---|
| | ਨਾ ਹੋਣਾ |
| • ਪੂਰਨ ਦਾ ਭੋਰਿਓਂ ਬਾਹਰ ਆ ਕੇ ਲੂਣਾ ਦੇ ਮਹਿਲਾਂ ਵਿੱਚ ਆਉਣਾ | • ਸੁਮੀਤ ਦਾ ਡੇਰੇ ਵਿੱਚ ਆਉਣਾ |
| • ਕਾਮ ਦੀ ਭੁੱਖ ਤ੍ਰਿਪਤ ਨਾ ਹੋਣ ਕਰਕੇ ਲੂਣ ਦਾ (ਹਾਣ ਦੇ)ਪੂਰਨ ਪ੍ਰਤੀ ਝੁਕਾਅ ਹੋਣਾ | • ਕਾਮ ਦੀ ਭੁੱਖ ਤ੍ਰਿਪਤ ਨਾ ਹੋਣ ਕਰਕੇ ਨਿੱਕੇ ਬੀਬੀ ਸੈਹਬਾ ਦਾ ਹਾਣ ਦੇ ਸੁਮੀਤ ਪ੍ਰਤੀ ਝੁਕਾਅ ਹੋਣਾ |
| • ਪੂਰਨ ਲੂਣਾ ਦਾ ਫ਼ਰਜ਼ੀ ਪੁੱਤਰ ਹੋਣਾ | • ਸੁਮੀਤ ਨਿੱਕੇ ਬੀਬੀ ਸੈਹਬਾ ਦਾ ਫ਼ਰਜ਼ੀ ਜੁਆਈ ਹੋਣਾ |
| • ਪੂਰਨ ਵਲੋਂ ਲੂਣਾ ਨਾਲ ਸਰੀਰਕ ਸੰਬੰਧ ਬਣਾਉਣ ਤੋਂ ਇਨਕਾਰ ਕਰਨਾ/ਲੂਣਾ ਵਲੋਂ ਪੂਰਨ ਦੇ ਚਰਿਤਰ ਉਪਰ ਝੂਠੀ ਤੋਹਮਤ ਲਾ ਕੇ ਉਸਨੂੰ ਰਾਜੇ ਸਲਵਾਨ ਪਾਸੋਂ ਸਜ਼ਾ ਦਵਾਉਣਾ | • ਸੁਮੀਤ ਵਲੋਂ ਨਿੱਕੇ ਬੀਬੀ ਸੈਹਬਾ ਦੀਆਂ ਭਾਵਨਾਵਾਂ ਨੂੰ ਨਾ ਸਮਝਣਾ/ਨਿੱਕੇ ਬੀਬੀ ਸੈਹਬਾ ਵੱਲੋਂ ਉਸ ਨਾਲ ਬਹਿਸ ਕਰਨਾ, ਗੁੱਸੇ ਵਿੱਚ ਉਸ ਨਾਲ ਟੱਕਰ ਲੈਣ ਬਾਰੇ ਸੋਚਣਾ |

ਸਮੁੱਚੇ ਤੌਰ ਉੱਤੇ ਅਸੀਂ ਕਹਿ ਸਕਦੇ ਹਾਂ ਕਿ ਅਨੇਕਾਂ ਥੀਮਕ ਵੇਰਵਿਆਂ ਨਾਲ ਭਰਪੂਰ ਵਿਚਾਰਧੀਨ ਕਹਾਣੀ ਆਪਣੇ ਥੀਮਕ ਪ੍ਰਬੰਧ ਵਿੱਚ ਸਾਡੇ ਲੋਕ ਬਿਰਤਾਂਤਾਂ ਦੇ ਪੁਰਾਤਨ ਮੋਟਿਫ਼ਾਂ ਨੂੰ ਸਮੇਂ ਦੀ ਲੋੜ ਅਨੁਸਾਰ ਨਵੇਂ ਅਰਥਾਂ ਵਿਚ ਵਰਤਦੀ, ਡੇਰਾ ਸਭਿਆਚਾਰ ਦੇ ਅਸਲ ਯਥਾਰਥ, ਔਰਤ ਮਨ ਦੀਆਂ ਵਿਭਿੰਨ ਪਰਤਾਂ ਅਤੇ ਕਾਮ ਦੀ ਅਪਰਮਪਾਰ ਲੀਲਾ ਨੂੰ ਦ੍ਰਿਸ਼ਟੀਗੋਚਰ ਕਰਦੀ ਹੋਈ ਸਮਾਜ ਦੇ ਉਸ ਕੁਹਜ ਨੂੰ ਧੁਰ ਅੰਦਰ ਦਿਖਾਉਂਦੀ ਹੈ, ਜਿਸ ਨੂੰ ਅਸੀਂ ਦੇਖਣ, ਸੁਣਨ ਅਤੇ ਮੰਨਣ ਤੋਂ ਕੰਨੀਂ ਕਤਰਾਉਂਦੇ ਹਾਂ । ਨਿਸ਼ਚੇ ਹੀ ਕਹਾਣੀਕਾਰ ਸੁਖਜੀਤ ਨੇ ਪੁਰਾਣੀਆਂ ਲੀਹਾਂ ਤੇ ਪਰੰਪਰਾਗਤ ਅਰਥਾਂ ਤੋਂ ਟੁੱਟ ਕੇ ਇਸ ਕਹਾਣੀ ਵਿੱਚ ਨਵੇਂ ਤੇ ਡੂੰਘੇ ਅਰਥਾਂ ਨੂੰ ਸਿਰਜਣ ਦਾ ਸਫ਼ਲ ਉਪਰਾਲਾ ਕੀਤਾ ਹੈ । ਇਹੀ ਇਸ ਕਹਾਣੀ ਦੀ ਥੀਮਕ ਸਾਰਥਕਤਾ ਦਾ ਮੂਲ ਧੁਰਾ ਹੈ ।

Parmpal Singh Badal

VPO-Badal ,The-Malout

Disst –Sri Muktsar Sahib

Mobile No-98158-95184

## ਹਵਾਲੇ ਤੇ ਟਿੱਪਣੀਆਂ

1. **ਸ਼ਬਦ,** ਅੰਕ 41-42, ਪੰਨਾ 189
2. **ਉਹੀ,** ਪੰਨਾ 206.
3. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 57.
4. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 53.
5. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 57.
6. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 11.
7. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 57.
8. **ਉਹੀ,** ਪੰਨਾ .
9. Eugene, H.Falk, **Types of Thematic Structure,** P.9
10. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 62.
11. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨੇ 59-60.
12. **ਉਹੀ,** ਪੰਨਾ 60.
13. **ਉਹੀ,** ਪੰਨੇ 60-61.
14. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 41.
15. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 61.
16. **ਉਹੀ,** ਪੰਨਾ
17. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 9.
18. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 64.
19. **ਉਹੀ,** ਪੰਨਾ 65.
20. **ਉਹੀ,** ਪੰਨਾ
21. **ਉਹੀ,** ਪੰਨਾ
22. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 36.
23. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 66.
24. **ਉਹੀ,** ਪੰਨਾ

25. **ਉਹੀ,** ਪੰਨੇ 66–67.

26. **ਉਹੀ,** ਪੰਨਾ 67.

27. **ਉਹੀ,** ਪੰਨਾ

28. **ਉਹੀ,** ਪੰਨਾ 68.

29. **ਉਹੀ,** ਪੰਨਾ

30. **ਉਹੀ,** ਪੰਨਾ

31. **ਉਹੀ,** ਪੰਨਾ 69.

32. **ਉਹੀ,** ਪੰਨਾ

33. **ਉਹੀ,** ਪੰਨਾ

34. **ਉਹੀ,** ਪੰਨਾ

35. **ਉਹੀ,** ਪੰਨੇ 69–70.

36. **ਉਹੀ,** ਪੰਨਾ 70.

37. **ਉਹੀ,** ਪੰਨਾ 71.

38. **ਉਹੀ,** ਪੰਨਾ

39. **ਉਹੀ,** ਪੰਨਾ

40. **ਉਹੀ,** ਪੰਨਾ 72.

41. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 9.

42. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 73.

43. **ਉਹੀ,** ਪੰਨਾ

44. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 35.

45. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨੇ 73–74.

46. **ਉਹੀ,** ਪੰਨਾ 74.

47. **ਉਹੀ,** ਪੰਨਾ

48. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 194.